# ਅਧਿਆਇ 3

# ਤਾਗੀਦ

## ਪੌਲੁਸ ਅਤੇ ਉਸ ਦੇ ਸਹਿਕਰਮੀਆਂ ਲਈ ਪ੍ਰਾਰਥਨਾ ਕਰਨ ਦੀ ਬੇਨਤੀ (3:1, 2)

**[1]ਮੁਕਦੀ ਗੱਲ, ਹੇ ਭਰਾਵੋ, ਸਾਡੇ ਲਈ ਪ੍ਰਾਰਥਨਾ ਕਰੋ ਭਈ ਪ੍ਰਭੂ ਦਾ ਬਚਨ ਫੈਲਰੇ ਅਤੇ ਵਡਿਆਇਆ ਜਾਵੇ ਜਿਵੇਂ ਤੁਹਾਡੇ ਵਿੱਚ ਵੀ ਹੈ। [2]ਅਤੇ ਇਹ ਭਈ ਅਸੀਂ ਪੁੱਠੇ ਅਤੇ ਬੁਰੇ ਮਨੁੱਖਾਂ ਤੋਂ ਬਚਾਏ ਜਾਈਏ ਕਿਉਂ ਜੋ ਸਭਨਾਂ ਨੂੰ ਨਿਹਚਾ ਨਹੀਂ ਹੈ।**

**ਆਇਤ 1.** ਥੱਸਲੁਨੀਕੀਆਂ ਦੇ ਲਈ ਪ੍ਰਾਰਥਨਾ ਕਰਕੇ (2:16, 17), ਪੌਲੁਸ ਨੇ ਉਨ੍ਹਾਂ ਨੂੰ ਆਖਿਆ ਕਿ ਹੁਣ ਉਹ ਉਸ ਦੇ ਲਈ ਅਤੇ ਉਸ ਦੇ ਸਹਿਕਰਮੀਆਂ ਦੇ ਲਈ ਪ੍ਰਾਰਥਨਾ ਕਰਨ। **ਮੁਕਦੀ ਗੱਲ** ਸ਼ਬਦ ਇਸ਼ਾਰਾ ਕਰਦੇ ਹਨ ਕਿ ਪੌਲੁਸ ਨੇ ਹੁਣ ਤੱਕ ਜੋ ਆਖਿਆ ਸੀ, ਹੁਣ ਉਹ ਉਸ ਦੇ ਸਿੱਟੇ ਵੱਲ ਆ ਰਿਹਾ ਸੀ ਅਤੇ ਕੁਝ ਆਖਰੀ ਗੱਲਾਂ ਆਖਣ ਜਾ ਰਿਹਾ ਸੀ (1 ਥੱਸਲੁਨੀਕੀਆਂ 4:1 ਨਾਲ ਤੁਲਨਾ ਕਰੋ)। (ਉਸ ਵੱਲੋਂ ਇਸਤੇਮਾਲ ਕੀਤੇ ਗਏ ਸ਼ਬਦ **ਭਰਾਵੋ** ਲਈ 2:13 ’ਤੇ ਹੋਈ ਚਰਚਾ ਵੇਖੋ।)

ਜਿੰਨੀ ਵਾਰੀ ਉਸ ਨੇ ਇਹ ਬੇਨਤੀ ਕੀਤੀ ਹੈ, ਉਸ ਨੂੰ ਵੇਖ ਕੇ (1 ਥੱਸਲੁਨੀਕੀਆਂ 5:25; ਕੁਲੁੱਸੀਆਂ 4:3; ਅਫ਼ਸੀਆਂ 6:19; ਰੋਮੀਆਂ 15:30) ਆਖਿਆ ਜਾ ਸਕਦਾ ਹੈ ਕਿ ਪੌਲੁਸ ਨੇ ਵੀ ਇਹ ਮਹਿਸੂਸ ਕੀਤਾ ਹੋਵੇਗਾ ਕਿ ਮਸੀਹੀਆਂ ਦੀਆਂ ਪ੍ਰਾਰਥਨਾਵਾਂ ਪ੍ਰਭਾਵਸ਼ਾਲੀ ਹਨ (ਯਾਕੂਬ 5:16 ਨਾਲ ਤੁਲਨਾ ਕਰੋ)। ਉਨ੍ਹਾਂ ਦੀਆਂ ਪ੍ਰਾਰਥਨਾਵਾਂ ਦਾ ਵਿਸ਼ਾ ਇਹ ਸੀ **ਭਈ ਪ੍ਰਭੂ ਦਾ ਬਚਨ ਫੈਲਰੇ**, ਅਰਥਾਤ ਪ੍ਰਚਾਰ ਕੀਤਾ ਜਾਵੇ ਅਤੇ ਵੱਡੀ ਗਿਣਤੀ ਵਿੱਚ ਲੋਕਾਂ ਦੁਆਰਾ ਸਵੀਕਾਰ ਕੀਤਾ ਜਾਵੇ (ਜ਼ਬੂਰ 147:15 ਨਾਲ ਤੁਲਨਾ ਕਰੋ)। ਨਾ ਕੇਵਲ ਉਸ ਨੇ ਪ੍ਰਾਰਥਨਾ ਕੀਤੀ ਕਿ ਇਹ “ਤੇਜੀ ਨਾਲ ਫੈਲਰੇ,” ਸਗੋਂ ਉਸ ਨੇ ਇਹ ਵੀ ਆਖਿਆ ਕਿ ਇਹ ਉਵੇਂ **ਵਡਿਆਇਆ ਜਾਵੇ ਜਿਵੇਂ ਤੁਹਾਡੇ [**ਥੱਸਲੁਨੀਕੀਆਂ**] ਵਿੱਚ ਵੀ** ਸੀ। ਉਨ੍ਹਾਂ ਨੇ ਇੰਜੀਲ ਨੂੰ ਗੰਭੀਰਤਾ ਨਾਲ ਲੈ ਕੇ ਅਤੇ ਉਸ ਨੂੰ ਪਰਮੇਸ਼ਰ ਦੇ ਵਚਨ ਵਜੋਂ ਸਵੀਕਾਰ ਕਰਕੇ ਇਸ ਨੂੰ “ਵਡਿਆਇਆ” ਸੀ (1 ਥੱਸਲੁਨੀਕੀਆਂ 1:6; 2:13)। ਕੇਵਲ ਜਦ ਇੰਜੀਲ ’ਤੇ ਵਿਸ਼ਵਾਸ ਕੀਤਾ ਜਾਂਦਾ ਹੈ, ਜਾਂ ਇਸ ਨੂੰ “ਵਡਿਆਇਆ” ਜਾਂਦਾ ਹੈ, ਤਦ ਹੀ ਇਹ “ਮੁਕਤੀ ਦੇ ਲਈ ਪਰਮੇਸ਼ਰ ਦੀ ਸ਼ਕਤੀ” ਬਣਦਾ ਹੈ (ਰੋਮੀਆਂ 1:16)।

**ਆਇਤ 2.** ਪੌਲੁਸ ਨੇ ਥੱਸਲੁਨੀਕੀਆਂ ਨੂੰ ਜਿਸ ਦੂਜੀ ਗੱਲ ਲਈ ਪ੍ਰਾਰਥਨਾ ਕਰਨ ਲਈ ਆਖਿਆ ਉਹ ਇਹ ਸੀ ਕਿ ਉਹ ਪਰਮੇਸ਼ਰ ਦੀ ਸ਼ਕਤੀ ਦੁਆਰਾ **ਪੁੱਠੇ ਅਤੇ ਬੁਰੇ ਮਨੁੱਖਾਂ ਤੋਂ ਬਚਾਏ ਜਾਣ**। ਯੂਨਾਨੀ ਦਾ ਸ਼ਾਬਦਿਕ ਅਰਥ ਇਹ ਹੈ, “ਦੁਸ਼ਟ ਅਤੇ ਬੁਰੇ ਮਨੁੱਖਾਂ ਤੋਂ।” ਕਹਿਣ ਦਾ ਭਾਵ ਹੈ ਕਿ ਸ਼ਾਇਦ ਉਹ ਉਨ੍ਹਾਂ ਆਮ ਖਤਰਿਆਂ ਬਾਰੇ ਗੱਲ ਨਹੀਂ ਕਰ ਰਿਹਾ ਸੀ ਜਿਹੜੇ

ਯਾਤਰਾਵਾਂ ਦੇ ਦੌਰਾਨ ਆਉਂਦੇ ਹਨ, ਸਗੋਂ ਕਿਸੇ ਵਿਸ਼ੇਸ਼ ਖਤਰੇ ਬਾਰੇ ਗੱਲ ਕਰ ਰਿਹਾ ਸੀ ਜਿਹੜਾ ਉਸ ਦੇ ਸਾਹਮਣੇ ਖੜ੍ਹਾ ਸੀ, ਜਿਹੜਾ ਯਹੂਦੀਆਂ ਵੱਲੋ ਆਇਆ ਹੋ ਸਕਦਾ ਹੈ। (ਵੇਖੋ ਰਸੂਲਾਂ ਦੇ ਕਰਤੱਬ 18:12–21; 1 ਥੱਸਲੁਨੀਕੀਆਂ 2:14–16)। "ਪੁੱਠੇ" ਸ਼ਬਦ ਯੂਨਾਨੀ ਦੇ ἄτοπος (*ਅਟੋਪੋਸ*) ਤੋਂ ਹੈ। KJV ਇਸ ਨੂੰ "ਨਿਰਵਿਵੇਕ" ਲਿਖਦੀ ਹੈ, ਪਰ ਇਸ ਦਾ ਅਰਥ "ਅਸੰਗਤ ਅਤੇ ਇਸ ਕਰਕੇ ਕੁਧਰਮ" ਨਾਲ ਹੈ। ਉਨ੍ਹਾਂ ਨੂੰ "ਬੁਰੇ" ਅਰਥਾਤ ਭ੍ਰਿਸ਼ਟ ਵੀ ਆਖਿਆ ਗਿਆ ਹੈ, ਜੋ ਯੂਨਾਨੀ ਦੇ πονηρός (*ਪੋਨੇਰੋਸ*) ਤੋਂ ਹੈ। ਸੀ. ਐੱਫ਼. ਹੌਗ ਨੇ ਸੁਝਾਓ ਦਿੱਤਾ ਕਿ ਇਹ "ਪੁੱਠੇ ਅਤੇ ਬੁਰੇ ਲੋਕ ਸਨ, ਜਿਨ੍ਹਾਂ ਦਾ ਚਾਲ-ਚਲਣ ਘੋਰ ਦੁਸ਼ਟਤਾ ਨਾਲ ਭਰਿਆ ਸੀ" ਅਤੇ ਇਹ ਕਿ "ਇਸ ਵਿੱਚ ਲੱਗਾ ਅਗੇਤਰ ਦਰਸਾਉਂਦਾ ਹੈ ਕਿ ਰਸੂਲ ਪੌਲੁਸ ਦੇ ਮਨ ਵਿੱਚ ਇੱਕ ਖਾਸ ਤਰ੍ਹਾਂ ਦੇ ਲੋਕ ਸਨ . . . ਸਾਇਦ ਯਹੂਦੀ।"[1]

ਪੌਲੁਸ ਨੇ ਫਿਰ ਸਮਝਾਇਆ ਕਿ ਕੁਝ ਲੋਕ ਉਸ ਦੀ ਇਸ ਦ੍ਰਿੜ੍ਹਤਾ ਵਾਲੇ ਪ੍ਰਚਾਰ ਦਾ ਵਿਰੋਧ ਕਿਉਂ ਕਰ ਰਹੇ ਸਨ, **ਕਿਉਂ ਜੋ ਸਭਨਾਂ ਨੂੰ ਨਿਹਚਾ ਨਹੀਂ ਹੈ**। ਹੈਨਰੀ ਐਲਫਰਡ ਦੇ ਸ਼ਬਦਾਂ ਵਿੱਚ ਇਸ ਵਾਕ ਨੂੰ ਇਸ ਤਰ੍ਹਾਂ ਵੀ ਲਿਖਿਆ ਜਾ ਸਕਦਾ ਹੈ, "ਕਿਉਂ ਜੋ (ਮਸੀਹੀ) ਨਿਹਚਾ ਸਭਨਾਂ ਲੋਕਾਂ ਦੇ ਲਈ ਨਹੀਂ ਹੈ।"[2] ਪੌਲੁਸ ਨੇ ਸ਼ਾਇਦ "ਨਿਹਚਾ" ਦੀ ਵਰਤੋਂ ਮਸੀਹੀ ਸਿੱਖਿਆ ਵੱਲ ਇਸ਼ਾਰਾ ਕਰਨ ਲਈ ਕੀਤੀ (ਰੋਮੀਆਂ 1:5 ਨਾਲ ਤੁਲਨਾ ਕਰੋ)। ਇਸ ਦਾ ਸੁਨੇਹਾ ਸਭਨਾਂ ਲੋਕਾਂ ਦੇ ਲਈ ਹੈ (ਤੀਤੁਸ 2:11), ਪਰ ਸਾਰੇ ਲੋਕ ਇਸ ਨੂੰ ਸਵੀਕਾਰ ਨਹੀਂ ਕਰਨਗੇ (2 ਤਿਮੋਥਿਉਸ 3:8, 9)। ਹਰੇਕ ਇਨਸਾਨ ਨੂੰ ਇੰਜੀਲ ਨੂੰ ਸਵੀਕਾਰ ਕਰਨ ਜਾਂ ਰੱਦ ਦੇਣ ਦੀ ਅਜ਼ਾਦੀ ਹੈ। ਜਿਹੜਾ ਇਸ ਨੂੰ "ਚਾਹੇ" (ਪਰਕਾਸ਼ 22:17), ਕੇਵਲ ਉਹੀ ਇਸ "ਨਿਹਚਾ" ਨੂੰ ਸਵੀਕਾਰ ਕਰੇਗਾ। ਬਾਕੀ ਲੋਕ ਇਸ ਨੂੰ ਰੱਦਣਗੇ ਅਤੇ ਇਸ ਦਾ ਵਿਰੋਧ ਕਰਨਗੇ। ਪੌਲੁਸ ਦੀ ਕਾਮਨਾ ਸੀ ਕਿ ਜਿਹੜੇ ਲੋਕ ਇਸ ਦਾ ਵਿਰੋਧ ਕਰਦੇ ਹਨ, ਉਹ ਉਨ੍ਹਾਂ ਦੀਆਂ ਬੁਰੀਆਂ ਚਾਲਾਂ ਤੋਂ ਬਚਾਇਆ ਜਾਵੇ।

## ਪ੍ਰਭੂ ਵਿੱਚ ਅਤੇ ਥੱਸਲੁਨੀਕੀਆਂ ਵਿੱਚ ਭਰੋਸੇ ਦਾ ਕਥਨ (3:3-5)

**3ਪਰੰਤੂ ਪ੍ਰਭੂ ਵਫ਼ਾਦਾਰ ਹੈ ਜਿਹੜਾ ਤੁਹਾਨੂੰ ਦ੍ਰਿੜ੍ਹ ਕਰੇਗਾ ਅਤੇ ਦੁਸ਼ਟ ਤੋਂ ਬਚਾਈ ਰੱਖੇਗਾ।**
**4ਅਤੇ ਸਾਨੂੰ ਪ੍ਰਭੂ ਵਿੱਚ ਤੁਹਾਡੇ ਉੱਤੇ ਭਰੋਸਾ ਹੈ ਭਈ ਜੋ ਕੁਝ ਅਸੀਂ ਹੁਕਮ ਦਿੰਦੇ ਹਾਂ ਸੋ**
**ਤੁਸੀਂ ਕਰਦੇ ਹੋ ਨਾਲੇ ਕਰੋਗੇ ਭੀ। 5ਅਤੇ ਪ੍ਰਭੂ ਤੁਹਾਡਿਆਂ ਮਨਾਂ ਨੂੰ ਪਰਮੇਸ਼ਰ ਦੇ ਪ੍ਰੇਮ ਅਤੇ**
**ਮਸੀਹ ਦੇ ਸਬਰ ਦੇ ਰਾਹ ਪਾਈ ਰੱਖੇ।**

**ਆਇਤ 3.** ਜਦ ਪੌਲੁਸ ਨੇ ਦੁਸ਼ਟ ਅਤੇ "ਬੁਰੇ ਮਨੁੱਖਾਂ" ਬਾਰੇ (ਆਇਤ 2) ਅਤੇ ਪਰਮੇਸ਼ਰ ਦੇ ਸੇਵਕਾਂ ਦਾ ਵਿਰੋਧ ਕਰਨ ਦੀ ਉਨ੍ਹਾਂ ਦੀ ਸ਼ਕਤੀ ਬਾਰੇ ਮਨਨ ਕੀਤਾ, ਤਾਂ ਉਸ ਨੇ ਗੌਰ ਕੀਤਾ ਕਿ ਇਨ੍ਹਾਂ ਬੁਰੇ ਮਨੁੱਖਾਂ ਅਤੇ ਉਨ੍ਹਾਂ ਦੇ ਮੋਢੀ, ਸ਼ਤਾਨ, ਨਾਲੋਂ ਸਾਡਾ **ਪ੍ਰਭੂ** ਕਿਤੇ ਵਧ ਸ਼ਕਤੀਸ਼ਾਲੀ ਹੈ। ਇਸ ਤੋਂ ਇਲਾਵਾ, ਪ੍ਰਭੂ ਨਾ ਕੇਵਲ ਸ਼ਕਤੀਸ਼ਾਲੀ ਹੈ; ਸਗੋਂ ਉਹ **ਵਫ਼ਾਦਾਰ** ਵੀ ਹੈ। ਅਰਥਾਤ ਉਹ ਅਜਿਹਾ ਹੈ ਜੋ ਆਪਣੀਆਂ ਪ੍ਰਤਿੱਗਿਆਵਾਂ ਦੇ ਪ੍ਰਤੀ ਵਿਸ਼ਵਾਸਯੋਗ ਹੈ। ਮਨੁੱਖ ਸ਼ਾਇਦ ਆਪਣੇ ਵਾਇਦੇ ਪੂਰੇ ਨਾ ਕਰਨ, ਪਰ ਪਰਮੇਸ਼ਰ ਹਮੇਸ਼ਾ ਪੂਰੇ ਕਰਦਾ ਹੈ (1 ਕੁਰਿੰਥੀਆਂ 1:9; 2 ਕੁਰਿੰਥੀਆਂ 1:18; 1 ਥੱਸਲੁਨੀਕੀਆਂ 5:24)।

ਹਾਵਰਡ ਮਾਰਸ਼ਲ ਨੇ ਲਿਖਿਆ ਕਿ "'ਵਿਸ਼ਵਾਸ' ਅਤੇ 'ਵਿਸ਼ਵਾਸਯੋਗ' ਵਿੱਚ ਸ਼ਬਦਾਂ ਦਾ ਖੇਲ ਹੈ।"[3] ਆਇਤ 2 ਦੇ ਅੰਤ ਵਿੱਚ ਪੌਲੁਸ ਨੇ ਇਸ ਤੱਥ ਬਾਰੇ ਗੱਲ ਕੀਤੀ ਕਿ ਸਭਨਾਂ

ਨੂੰ “ਨਿਹਚਾ,” πίστις (*ਪਿਸਤਿਸ*) ਨਹੀਂ ਹੈ ਅਤੇ ਉਸ ਨੇ ਆਇਤ 3 ਦਾ ਅਰੰਭ “ਵਫ਼ਾਦਾਰ,” πιστός (*ਪਿਸਤੋਸ*) ਨਾਲ ਕੀਤਾ ਅਤੇ ਦਰਸਾਇਆ ਕਿ ਪ੍ਰਭੂ “ਵਫ਼ਾਦਾਰ“ ਹੈ। ਸਭਨਾਂ ਮਨੁੱਖਾਂ ਵਿੱਚ “ਨਿਹਚਾ” ਨਹੀਂ ਹੈ, ਪਰ ਪਰਮੇਸ਼ਰ ਹਮੇਸ਼ਾ “ਵਫ਼ਾਦਾਰ” ਰਹਿੰਦਾ ਹੈ। ਪੌਲੁਸ ਨੇ ਇਸ ਨਾਲ ਰਲਦੀਆਂ ਗੱਲਾਂ ਕਈ ਵਾਰ ਆਖੀਆਂ (1 ਥੱਸਲੁਨੀਕੀਆਂ 5:24 ਨਾਲ ਤੁਲਨਾ ਕਰੋ)।

ਕਿਉਂ ਜੋ ਉਹ “ਵਫ਼ਾਦਾਰ” ਹੈ, ਇਸ ਕਰਕੇ ਉਹ ਥੱਸਲੁਨੀਕੀਆਂ ਦੀ ਮਦਦ ਕਰੇਗਾ। ਕਿਉਂ ਜੋ ਆਇਤਾਂ 1 ਅਤੇ 2 ਵਿਚਲੀ ਪ੍ਰਾਰਥਨਾ ਪੌਲੁਸ ਲਈ ਸੀ, ਅਸੀਂ ਉਸ ਤੋਂ ਇਹ ਸੁਣਨ ਦੀ ਉਮੀਦ ਕਰ ਸਕਦੇ ਸਾਂ ਕਿ ਪ੍ਰਭੂ ਉਸ ਦੀ ਰੱਖਿਆ ਕਰੇਗਾ, ਪਰ ਇਸ ਦੀ ਥਾਂ, ਥੱਸਲੁਨੀਕੀਆਂ ਦੀ ਆਤਮਕ ਭਲਿਆਈ ਲਈ ਉਸ ਦੀ ਡਾਢੀ ਚਿੰਤਾ ਨੇ ਉਸ ਤੋਂ ਅਖਵਾਇਆ ਕਿ ਪਰਮੇਸ਼ਰ ਉਨ੍ਹਾਂ ਦੀ ਮਦਦ ਕਰੇਗਾ। ਵਿਸ਼ੇਸ਼ ਤੌਰ ’ਤੇ ਇਹ “ਵਫ਼ਾਦਾਰ” ਪ੍ਰਭੂ ਉਨ੍ਹਾਂ ਨੂੰ **ਦ੍ਰਿੜ੍ਹ ਕਰੇਗਾ**। ਇੱਥੇ ਵਰਤਿਆ ਗਿਆ ਯੂਨਾਨੀ ਸ਼ਬਦ στηρίζω (*ਸਟੇਰਿਜ਼ੋ*) ਹੈ, ਜਿਸ ਦਾ ਅਰਥ ਹੈ “ਸਥਿਰ ਕਰਨਾ, ਮਜਬੂਤ ਕਰਨਾ, ਸਹਾਰਾ ਦੇਣਾ।” ਇਸ ਦਾ ਮੁੱਖ ਅਰਥ ਇਹ ਹੈ ਕਿ ਜਦ ਕੋਈ ਵਸਤੂ ਕਿਸੇ ਭਾਰ ਦੇ ਕਾਰਨ ਡਿੱਗ ਪੈਣ ਦੇ ਕਗਾਰ ’ਤੇ ਹੈ ਤਾਂ ਉਸ ਨੂੰ ਸੰਭਾਲਣਾ, ਜਿਵੇਂ ਕਿ ਹੜ੍ਹ ਵੇਲੇ ਦਰਿਆ ਦੇ ਕੰਢਿਆਂ ’ਤੇ ਰੇਤ ਦੇ ਬੋਰੇ ਲਗਾਉਣਾ। ਯਿਸੂ ਨੇ ਆਪਣੇ ਚੇਲਿਆਂ ਨੂੰ ਪ੍ਰਤਿੱਗਿਆ ਕੀਤੀ ਸੀ ਕਿ ਉਹ “ਜੁਗ ਦੇ ਅੰਤ ਤੀਕਰ ਹਰ ਵੇਲੇ” ਉਨ੍ਹਾਂ ਦੇ “ਨਾਲ” ਰਹੇਗਾ (ਮੱਤੀ 28:20) ਅਤੇ ਪੌਲੁਸ ਨੇ ਆਖਿਆ ਕਿ ਇਹ ਯਿਸੂ ਉਨ੍ਹਾਂ ਨੂੰ ਜੇਤੂ ਬਣਾਉਣ ਲਈ ਉਨ੍ਹਾਂ ਨੂੰ ਮਜਬੂਤ ਕਰਨ ਦੁਆਰਾ ਇਸ ਪ੍ਰਤਿੱਗਿਆ ਦੀ ਪੂਰਤੀ ਕਰਨ ਲਈ “ਵਫ਼ਾਦਾਰ” ਰਹੇਗਾ।

ਇੱਕ ਹੋਰ ਗੱਲ ਪੌਲੁਸ ਨੇ ਆਖੀ ਜੋ ਇਹ “ਵਫਾਦਾਰ” ਪ੍ਰਭੂ ਕਰੇਗਾ, ਉਹ ਇਹ ਹੈ ਕਿ ਉਹ ਥੱਸਲੁਨੀਕੀਆਂ ਨੂੰ **ਬਚਾਈ ਰੱਖੇਗਾ** ਅਰਥਾਤ “ਰੱਖਿਆ ਕਰੇਗਾ” (RSV)। ਪਤਰਸ ਨੇ 1 ਪਤਰਸ 1:5 ਵਿੱਚ ਆਖਿਆ ਕਿ “ਨਿਹਚਾ ਦੇ ਰਾਹੀਂ,” ਮਸੀਹੀ ਲੋਕ “ਪਰਮੇਸ਼ਰ ਦੀ ਸਮਰੱਥਾ ਨਾਲ . . . ਬਚਾਏ ਰਹਿੰਦੇ” ਹਨ (NIV) ਅਤੇ ਪੌਲੁਸ ਨੇ 1 ਕੁਰਿੰਥੀਆਂ 10:13 ਵਿੱਚ ਦ੍ਰਿੜ੍ਹਤਾ ਨਾਲ ਆਖਿਆ ਕਿ ਪਰਮੇਸ਼ਰ “[ਸਾਡੀ] ਸ਼ਕਤੀਓਂ ਬਾਹਰ [ਸਾਨੂੰ] ਪਰਤਾਵੇ ਵਿੱਚ ਨਹੀਂ ਪੈਣ ਦੇਵੇਗਾ” (NIV)। ਇਹ ਸੱਚਾਈ ਦਰਸਾਉਂਦੀ ਹੈ ਕਿ ਪਰਮੇਸ਼ਰ ਹਰੇਕ ਵਿਅਕਤੀ ਦੀ ਪਰਤਾਵੇ ਨੂੰ ਸਹਿਣ ਦੀ ਸਮਰੱਥਾ ਨੂੰ ਜਾਣਦਾ ਹੈ ਅਤੇ ਰੋਜਾਨਾ ਸਾਡੇ ਨਾਲ ਰਹਿੰਦਾ ਹੈ ਕਿ ਸਾਨੂੰ “ਬਚਾਈ ਰੱਖੇ” ਅਰਥਾਤ ਇਹ ਧਿਆਨ ਰੱਖੇ ਕਿ ਸਾਡੇ ਉੱਤੇ ਪੈਣ ਵਾਲਾ ਕੋਈ ਵੀ ਪਰਤਾਵਾ ਸਾਡੀ ਸਮਰੱਥਾ ਨਾਲੋਂ ਵਧੇਰੇ ਨਾ ਹੋਵੇ। ਪੌਲੁਸ ਸ਼ਾਇਦ ਆਖ ਰਿਹਾ ਸੀ ਕਿ ਪਰਮੇਸ਼ਰ ਸਾਨੂੰ ਉਨ੍ਹਾਂ ਪਰਤਾਵਿਆਂ ਤੋਂ “ਬਚਾਈ ਰੱਖਦਾ” ਹੈ ਜਿਹੜੇ ਸਾਡੇ ਲਈ ਬਹੁਤ ਜ਼ਿਆਦਾ ਭਾਰੇ ਹਨ ਅਤੇ ਜਿਹੜੇ ਬਹੁਤੇ ਭਾਰੇ ਨਹੀਂ ਹਨ, ਉਨ੍ਹਾਂ ਦਾ ਸਾਹਮਣਾ ਕਰਨ ਲਈ ਉਹ ਸਾਨੂੰ “ਦ੍ਰਿੜ੍ਹ” ਕਰਦਾ ਹੈ।

ਇਨ੍ਹਾਂ ਪਰਤਾਵਿਆਂ ਦਾ ਸੋਮਾ ਕੀ ਜਾਂ ਕੌਣ ਹੈ? ਪੌਲੁਸ ਨੇ ਆਖਿਆ ਕਿ ਇਹ ਸੋਮਾ **ਦੁਸ਼ਟ** ਹੈ। ਯੂਨਾਨੀ ਸ਼ਬਦ πονηρός (*ਪੋਨੇਰੋਸ*) ਦਾ ਅਨੁਵਾਦ “ਦੁਸ਼ਟ ਤੋਂ” ਜਾਂ “ਉਸ ਦੁਸ਼ਟ ਤੋਂ” ਵਜੋਂ ਵੀ ਕੀਤਾ ਜਾ ਸਕਦਾ ਹੈ। ਬਾਅਦ ਵਾਲਾ ਅਨੁਵਾਦ ਪੌਲੁਸ ਦੀਆਂ ਲਿਖਤਾਂ ਵਿੱਚ ਵਧੇਰੇ ਮਿਲਦਾ ਹੈ (2 ਥੱਸਲੁਨੀਕੀਆਂ 2; ਅਫ਼ਸੀਆਂ 6:16)। ਉਹ ਦੁਸ਼ਟ, ਸਪੱਸ਼ਟ ਤੌਰ ’ਤੇ, ਸ਼ਤਾਨ ਹੈ।

**ਆਇਤ 4.** ਆਇਤ 3 ਵਿੱਚ ਪੌਲੁਸ ਨੇ ਪ੍ਰਭੂ ਦੀ ਮਦਦ ਵਿੱਚ **ਭਰੋਸਾ** ਜਤਾਇਆ। ਇੱਥੇ ਉਸ ਨੇ ਇਹ “ਭਰੋਸਾ” ਵੀ ਜਤਾਇਆ ਜਾਂ ਨਿਸ਼ਚਿਤਤਾ ਦੀ ਭਾਵਨਾ ਦਰਸਾਈ ਕਿ ਥੱਸਲੁਨੀਕੀ

ਆਪਣੀ ਜਿੰਮੇਵਾਰੀ ਨੂੰ ਪੂਰਾ ਕਰਨਗੇ। ਉਨ੍ਹਾਂ ਦੇ ਵੱਲ ਦੀ ਜਿੰਮੇਵਾਰੀ ਇਹ ਸੀ ਕਿ ਉਹ ਪ੍ਰਭੂ ਦੀ ਅਤੇ ਉਸ ਦੇ ਵਚਨ ਦੀ ਆਗਿਆਕਾਰੀ ਕਰਨ (ਇਬਰਾਨੀਆਂ 5:9)। ਇੱਥੇ ਮਨੁੱਖਾਂ ਦੇ ਲਈ ਪਰਮੇਸ਼ਰ ਦਾ ਵਚਨ ਪ੍ਰੇਰਿਤ ਵਿਅਕਤੀ, ਪੌਲੁਸ, ਦੇ ਰਾਹੀਂ ਦਿੱਤਾ ਜਾ ਰਿਹਾ ਸੀ (1 ਕੁਰਿੰਥੀਆਂ 14:37 ਨਾਲ ਤੁਲਨਾ ਕਰੋ)। ਇਸ ਤਰ੍ਹਾਂ ਉਨ੍ਹਾਂ ਨੂੰ ਜੋ ਆਖਿਆ ਗਿਆ ਸੀ, ਉਸ ਨੂੰ ਪੂਰਾ ਕਰਨ ਲਈ ਉਹ ਬੱਝ ਗਏ ਸਨ। ਜਿਵੇਂ ਕਿ ਪੌਲੁਸ ਨੇ ਆਖਿਆ, ਉਨ੍ਹਾਂ ਨੂੰ ਉਹ ਸਭ ਕਰਨਾ ਸੀ **ਜੋ ਕੁਝ ਅਸੀਂ ਹੁਕਮ ਦਿੰਦੇ ਹਾਂ**।

"ਭਰੋਸਾ" ਯੂਨਾਨੀ ਦੇ ਸ਼ਬਦ πεποίθαμεν (*ਪੇਪੋਈਥਾਮੇਨ*) ਤੋਂ ਆਇਆ ਹੈ। ਇਹ "*ਪੇਇਥੋ* ਦਾ ਮੱਧਮ ਪੂਰਨ ਸੂਚਕ ਹੈ, ਮਨਾਉਣਾ, ਅਕਰਮਕ ਕਾਲ ਵਿੱਚ, ਅਸੀਂ ਭਰੋਸੇ ਦੀ ਅਵਸਥਾ ਵਿੱਚ ਹਾਂ।"[4] ਅਰਥਾਤ ਪੌਲੁਸ ਨੂੰ ਭਰੋਸਾ ਸੀ ਅਤੇ ਉਹ ਮੰਨ ਗਿਆ ਸੀ ਕਿ ਥੱਸਲੁਨੀਕੀ ਉਸ ਦੇ ਹੁਕਮਾਂ ਦੀ ਪਾਲਣਾ ਕਰਨਗੇ। ਉਸ ਦਾ ਇਹ ਭਰੋਸਾ, ਕਿ ਜੋ ਉਸ ਨੇ ਹੁਕਮ ਦਿੱਤਾ ਹੈ **ਸੋ ਤੁਸੀਂ ਕਰਦੇ ਹੋ ਨਾਲੇ ਕਰੋਗੇ ਭੀ**, ਉਸ ਦੇ ਇਸ ਵਿਸ਼ਵਾਸ ਵਿੱਚ ਖੜ੍ਹਾ ਸੀ ਉਨ੍ਹਾਂ ਦਾ ਮਨ ਪਰਿਵਰਤਨ ਸੱਚਾ ਸੀ (1 ਥੱਸਲੁਨੀਕੀਆਂ 1:1)। ਫਿਰ, ਇੱਥੇ ਵੀ ਉਹ ਭਾਈਆਂ ਦੀ ਸ਼ਲਾਘਾ ਕਰ ਰਿਹਾ ਹੈ।

ਪੌਲੁਸ ਦਾ ਇਹ ਭਰੋਸਾ **ਪ੍ਰਭੂ ਵਿੱਚ** ਸੀ ਕਿ ਉਹ ਸਹੀ ਹੀ ਕਰਨਗੇ, ਕਿਉਂਕਿ ਉਹ ਆਪਣੇ ਭਾਈਆਂ ਨੂੰ ਪ੍ਰਭੂ ਦੇ ਭਰੋਸੇ ਦੀਆਂ ਨਜ਼ਰਾਂ ਨਾਲ ਵੇਖਦਾ ਸੀ। ਜਦ ਅਸੀਂ ਮਸੀਹ ਦੇ ਨਿਰਦੇਸ਼ਾਂ ਨੂੰ ਸਵੀਕਾਰ ਕਰਦੇ ਹਾਂ ਅਤੇ ਉਸ ਵਿੱਚ ਬਪਤਿਸਮਾ ਲੈਂਦੇ ਹਾਂ, ਅਸੀਂ ਬਾਕੀ ਲੋਕਾਂ ਨੂੰ ਵੱਖਰੀਆਂ ਨਜ਼ਰਾਂ ਨਾਲ ਵੇਖਣਾ ਅਰੰਭ ਕਰਦੇ ਹਾਂ, ਲੋਕਾਂ ਨੂੰ ਵਧੇਰੇ ਭਰੋਸੇ ਨਾਲ ਵੇਖਣਾ ਅਰੰਭ ਕਰਦੇ ਹਾਂ, ਉਸ ਦੇ ਕਾਰਨ ਜੋ ਪਰਮੇਸ਼ਰ ਉਨ੍ਹਾਂ ਦੇ ਦੁਆਰਾ ਕਰ ਸਕਦਾ ਹੈ।

ਪਰ ਇਹ ਆਇਤ ਉਸ ਦੇ ਥੱਸਲੁਨੀਕੀ ਭਾਈਆਂ ਦੇ ਲਈ ਇੱਕ ਨਸੀਹਤ ਵੀ ਹੈ ਕਿ ਜਿਹੜਾ ਹੁਕਮ ਉਹ ਦੇਣ ਜਾ ਰਿਹਾ ਸੀ, ਉਸ ਦੇ ਅਨੁਸਾਰ ਆਪਣੇ ਮਸੀਹੀ ਵਿਸ਼ਵਾਸ ਵਿੱਚ ਉਹ ਤਕੜਾਈ ਨਾਲ ਅੱਗੇ ਵਧਦੇ ਰਹਿਣ (ਆਇਤ 6)। ਦਰਅਸਲ "ਹੁਕਮ" ਲਈ ਇਸਤੇਮਾਲ ਕੀਤੀ ਗਈ ਯੂਨਾਨੀ ਕਿਰਿਆ παραγγέλλω (*ਪਾਰਾਨਗੇੱਲੋ*), ਆਇਤਾਂ 6, 10, ਅਤੇ 12 ਵਿੱਚ ਵੀ ਇਸਤੇਮਾਲ ਕੀਤੀ ਗਈ ਹੈ।

**ਆਇਤ 5.** ਇਸ ਆਇਤ ਵਿੱਚ ਪੌਲੁਸ ਨੇ ਇੱਕ ਛੋਟੀ ਜਿਹੀ ਪ੍ਰਾਰਥਨਾ ਕੀਤੀ ਕਿ ਥੱਸਲੁਨੀਕੀਆਂ ਦੇ **ਮਨਾਂ** ਨੂੰ **ਪ੍ਰਭੂ ਰਾਹ ਪਾਈ ਰੱਖੇ**, ਅਰਥਾਤ ਪਰਮੇਸ਼ਰ ਦੇ ਪ੍ਰੇਮ ਵਿੱਚ ਤੁਰਨ ਲਈ ਉਨ੍ਹਾਂ ਦੇ ਰਾਹ ਨੂੰ "ਸਿੱਧਾ ਕਰੇ।" "ਮਨ" ਦੇ ਲਈ ਯੂਨਾਨੀ ਸ਼ਬਦ καρδία (*ਕਾਰਡੀਆ*) ਆਮਤੌਰ 'ਤੇ ਸੰਪੂਰਨ ਅੰਦਰੂਨੀ ਵਿਚਾਰਾਂ, ਇੱਛਾ ਅਤੇ ਭਾਵਨਾਵਾਂ ਵੱਲ ਇਸ਼ਾਰਾ ਕਰਦਾ ਹੈ। ਇਹ ਰਾਹ **ਪਰਮੇਸ਼ਰ ਦੇ ਪ੍ਰੇਮ** ਵੱਲ ਨੂੰ ਜਾਂਦਾ ਹੈ। ਇੱਥੇ "ਪ੍ਰੇਮ" ਸਾਡੇ ਲਈ ਪਰਮੇਸ਼ਰ ਦੇ ਪ੍ਰੇਮ ਵੱਲ ਵੀ ਇਸ਼ਾਰਾ ਕਰ ਸਕਦਾ ਹੈ ਅਤੇ ਪਰਮੇਸ਼ਰ ਦੇ ਲਈ ਸਾਡੇ ਪ੍ਰੇਮ ਵੱਲ ਵੀ। ਇਹ ਇਸ ਕਰਕੇ ਦੋਹਾਂ ਵੱਲ ਵੀ ਇਸ਼ਾਰਾ ਕਰ ਸਕਦਾ ਹੈ, ਕਿਉਂਕਿ ਜਦ ਅਸੀਂ ਪਰਮੇਸ਼ਰ ਦੇ ਪ੍ਰੇਮ ਵਿੱਚ ਵੱਸਦੇ ਹਾਂ, ਤਾਂ ਇਹ ਪਰਮੇਸ਼ਰ ਦੇ ਲਈ ਸਾਡੇ ਪ੍ਰੇਮ ਨੂੰ ਉਕਸਾਉਂਦਾ ਹੈ। ਇਹ ਰਾਹ **ਮਸੀਹ ਦੇ ਸਬਰ** ਵੱਲ ਵੀ ਜਾਂਦਾ ਹੈ, ਅਰਥਾਤ, ਉਸ ਅਡੋਲਤਾ ਵੱਲ ਜੋ ਮਸੀਹ ਨੇ ਆਪਣੇ ਔਖੇ ਵੇਲੇ ਵੀ, ਇੱਥੋਂ ਤੱਕ ਕਿ ਮੌਤ ਦੇ ਸਾਹਮਣੇ ਵੀ ਆਪਣੇ ਜੀਵਨ ਵਿੱਚ ਦਰਸਾਈ।

ਇਸ ਆਇਤ ਵਿੱਚ "ਪਰਮੇਸ਼ਰ ਦੇ ਪ੍ਰੇਮ" ਬਾਰੇ ਗੱਲ ਕਰਦਿਆਂ ਜੌਨ ਸਟੌਟ ਨੇ ਆਖਿਆ ਕਿ ਚੰਗਾ ਹੋਵੇਗਾ ਕਿ ਜੇਕਰ ਅਸੀਂ ਇਨ੍ਹਾਂ ਦੋਹਾਂ ਸੰਬੰਧ ਸੂਚਕਾਂ ਨੂੰ ਗੁਣਵਾਚਕ ਵਜੋਂ ਵੇਖੀਏ। ਉਸ ਨੇ ਆਖਿਆ ਕਿ "ਪੌਲੁਸ ਦੀ ਪ੍ਰਾਰਥਨਾ ਇਹ ਸੀ ਕਿ ਪ੍ਰਭੂ ਥੱਸਲੁਨੀਕੀਆਂ ਨੂੰ ਪਰਮੇਸ਼ਰ

ਦੇ ਪ੍ਰੇਮ ਵਰਗੇ ਪ੍ਰੇਮ ਵਿੱਚ ਅਤੇ ਮਸੀਹ ਵਰਗੇ ਸਬਰ ਜਾਂ ਅਡੋਲਤਾ ਵਿੱਚ ਲੈ ਚੱਲੇ। ਸੰਦਰਭ ਦਰਸਾਉਂਦਾ ਹੈ ਕਿ ਫਿਰ ਉਹ ਆਪਣੇ ਪ੍ਰੇਮ ਅਤੇ ਸਬਰ ਨੂੰ ਆਪਣੀ ਆਗਿਆਕਾਰੀ ਵਿੱਚ ਦਰਸਾਉਣਗੇ।"[5]

ਮੁੱਢਲੇ ਤੌਰ 'ਤੇ ਪੌਲੁਸ ਪ੍ਰਾਰਥਨਾ ਕਰ ਰਿਹਾ ਸੀ ਕਿ ਉਹ ਪਰਮੇਸ਼ਰ ਦੇ ਪ੍ਰੇਮ ਉੱਤੇ ਐਨਾ ਜ਼ਿਆਦਾ ਮਨਨ ਕਰਨ ਭਈ ਉਹ ਬਿਪਤਾਵਾਂ ਅਤੇ ਔਖਿਆਈਆਂ ਦਰਮਿਆਨ ਵੀ ਮਸੀਹੀ ਜੀਵਨ ਵਿੱਚ ਡਟੇ ਰਹਿਣ ਲਈ ਪ੍ਰੇਰਿਤ ਹੋ ਜਾਣ।

## ਕਸੂਤੇ ਚੱਲਣ ਵਾਲੇ ਮੈਂਬਰਾਂ ਨਾਲ ਵਿਹਾਰ ਬਾਰੇ ਹੁਕਮ (3:6-15)

**6ਹੁਣ ਹੇ ਭਰਾਵੋ, ਅਸੀਂ ਆਪਣੇ ਪ੍ਰਭੂ ਯਿਸੂ ਮਸੀਹ ਦੇ ਨਾਮ ਉੱਤੇ ਤੁਹਾਨੂੰ ਹੁਕਮ ਦਿੰਦੇ
ਹਾਂ ਭਈ ਤੁਸੀਂ ਹਰ ਇੱਕ ਭਰਾ ਤੋਂ ਜਿਹੜਾ ਉਸ ਰਵਾਇਤ ਦੇ ਅਨੁਸਾਰ ਨਹੀਂ ਜੋ ਤੁਸਾਂ
ਸਾਥੋਂ ਪਾਈ ਸਗੋਂ ਕਸੂਤਾ ਚੱਲਦਾ ਹੈ ਨਿਆਰੇ ਰਹੋ। 7ਤੁਸੀਂ ਆਪ ਤਾਂ ਜਾਣਦੇ ਹੋ ਭਈ
ਤੁਹਾਨੂੰ ਕਿਸ ਤਰਾਂ ਸਾਡੀ ਰੀਸ ਕਰਨੀ ਚਾਹੀਦੀ ਹੈ ਕਿਉਂ ਜੋ ਅਸੀਂ ਤੁਹਾਡੇ ਵਿੱਚ ਕਸੂਤੇ
ਨਾ ਚੱਲੇ, 8ਨਾ ਕਿਸੇ ਕੋਲੋਂ ਮੁਖਤ ਰੋਟੀ ਖਾਧੀ ਸਗੋਂ ਮਿਹਨਤ ਪੋਹਰਿਆ ਨਾਲ ਰਾਤ ਦਿਨ
ਕੰਮ ਧੰਦਾ ਕਰਦੇ ਸਾਂ ਭਈ ਤੁਹਾਡੇ ਵਿੱਚੋਂ ਕਿਸੇ ਉੱਤੇ ਭਾਰੂ ਨਾ ਹੋਈਏ। 9ਨਾ ਇਸ ਕਰਕੇ
ਜੋ ਸਾਨੂੰ ਇਖ਼ਤਿਆਰ ਨਹੀਂ ਸੀ ਪਰ ਇਸ ਲਈ ਜੋ ਅਸੀਂ ਆਪਣੇ ਆਪ ਨੂੰ ਤੁਹਾਡੇ ਲਈ
ਨਮੂਨਾ ਕਰ ਵਿਖਾਈਏ ਭਈ ਤੁਸੀਂ ਸਾਡੀ ਰੀਸ ਕਰੋ। 10ਕਿਉਂਕਿ ਜਦ ਅਸੀਂ ਤੁਹਾਡੇ ਕੋਲ
ਸਾਂ ਤਦ ਵੀ ਤੁਹਾਨੂੰ ਇਹ ਹੁਕਮ ਦਿੱਤਾ ਸੀ ਭਈ ਜੇ ਕੋਈ ਕੰਮ ਧੰਦਾ ਕਰਨੋਂ ਨੱਕ ਵੱਟਦਾ
ਹੈ ਤਾਂ ਰੋਟੀ ਵੀ ਨਾ ਖਾਵੇ। 11ਕਿਉਂ ਜੋ ਅਸੀਂ ਸੁਣਦੇ ਹਾਂ ਭਈ ਕਈਕੁ ਤੁਹਾਡੇ ਵਿੱਚੋਂ ਕਸੂਤੇ
ਚੱਲਦੇ ਅਤੇ ਕੁਝ ਕੰਮ ਧੰਦਾ ਨਹੀਂ ਕਰਦੇ ਸਗੋਂ ਪਰਾਏ ਕੰਮ ਵਿੱਚ ਲੱਤ ਅੜਾਉਂਦੇ ਹਨ।
12ਹੁਣ ਅਸੀਂ ਪ੍ਰਭੂ ਯਿਸੂ ਮਸੀਹ ਵਿੱਚ ਏਹੋ ਜੇਹਿਆਂ ਨੂੰ ਹੁਕਮ ਦਿੰਦੇ ਅਤੇ ਤਗੀਦ ਕਰਦੇ
ਹਾਂ ਜੋ ਓਹ ਚੁੱਪ ਚਾਪ ਕੰਮ ਧੰਦਾ ਕਰ ਕੇ ਆਪਣੀ ਰੋਟੀ ਖਾਇਆ ਕਰਨ। 13ਪਰ ਤੁਸੀਂ,
ਭਰਾਵੋ, ਭਲਿਆਈ ਕਰਦਿਆਂ ਹੌਸਲਾ ਨਾ ਹਾਰੋ। 14ਅਤੇ ਜੇ ਕੋਈ ਇਸ ਪੱਤ੍ਰੀ ਵਿੱਚ ਲਿਖੇ
ਹੋਏ ਸਾਡੇ ਬਚਨ ਨੂੰ ਨਾ ਮੰਨੇ ਤਾਂ ਉਹ ਦਾ ਧਿਆਨ ਰੱਖਣਾ ਜੋ ਉਹ ਦੀ ਸੰਗਤ ਨਾ ਕਰੋ
ਭਈ ਉਹ ਲੱਜਿਆਵਾਨ ਹੋਵੇ। 15ਤਾਂ ਵੀ ਉਹ ਨੂੰ ਵੈਰੀ ਕਰਕੇ ਨਾ ਜਾਣੋ ਸਗੋਂ ਭਰਾ ਕਰਕੇ
ਸਮਝਾਓ।**

**ਆਇਤ 6.** ਪੌਲੁਸ ਨੇ ਕਿਹਾ, **ਅਸੀਂ ਤੁਹਾਨੂੰ ਹੁਕਮ ਦਿੰਦੇ ਹਾਂ**, ਕਿਉਂਕਿ ਉਸ ਨੂੰ ਭਰੋਸਾ ਸੀ, ਜਿਵੇਂ ਉਸ ਨੇ ਹੁਣੇ ਹੀ ਕਿਹਾ ਸੀ, ਕਿ ਉਹ ਪਾਲਣਾ ਕਰਣਗੇ। ਇਸ ਲਈ ਉਸ ਨੇ ਇਹ "ਹੁਕਮ," ਜਾਂ ਅਧਿਕਾਰਿਕ ਆਦੇਸ਼ ਦਿੱਤਾ। ਇਹ ਪੌਲੁਸ ਸੀ ਜੋ ਹੁਕਮ ਦੇ ਰਿਹਾ ਸੀ, ਪਰ ਉਸ ਨੇ **ਆਪਣੇ ਪ੍ਰਭੂ ਯਿਸੂ ਮਸੀਹ ਦੇ ਨਾਮ ਉੱਤੇ** ਹੁਕਮ ਦਿੱਤਾ, ਜਿਸ ਪ੍ਰਕਾਰ ਉਸ ਨੂੰ ਅਧਿਕਾਰ ਦਿੱਤਾ ਗਿਆ ਸੀ। ਪੌਲੁਸ ਉਸ ਦੇ ਸੰਦੇਸ਼ਵਾਹਕ ਦੇ ਰੂਪ ਵਿੱਚ ਗੱਲ ਕੀਤੀ ਸੀ (1 ਥੱਸਲੁਨੀਕੀਆਂ 2:4–6)। ਇਸ ਹੁਕਮ ਦਾ ਇਨਕਾਰ ਕਰਨ ਦਾ ਅਰਥ ਮਸੀਹ ਦਾ ਇਨਕਾਰ ਕਰਨਾ ਸੀ। ਇਹ ਹੁਕਮ ਸਿਰਫ ਆਗੂਆਂ ਨੂੰ ਹੀ ਨਹੀਂ ਦਿੱਤਾ ਗਿਆ ਸੀ, ਪਰ ਇਸ ਦੇ ਨਾਲ ਨਾਲ ਚਰਚ ਵਿਚਲੇ ਹਰ ਇੱਕ **ਭਰਾ** ਨੂੰ ਵੀ ਦਿੱਤਾ ਗਿਆ ਸੀ। ਹਰ ਕਿਸੇ ਨੂੰ ਉਹ ਕਰਣਾ ਪੈਣਾ ਸੀ ਜਿਸ ਦਾ ਪੌਲੁਸ ਨੇ ਹੁਕਮ ਦਿੱਤਾ ਸੀ। ਉਸ ਦਾ ਹੁਕਮ ਸੀ ਕਿ ਨਿਸ਼ਚਤ ਲੋਕਾਂ ਤੋਂ **ਨਿਆਰੇ ਰਹੋ**। KJV ਵਿੱਚ ਹੈ "ਆਪਣੇ ਆਪ ਨੂੰ ਵੱਖਰਾ ਰੱਖੋ।" ਭਾਵ ਸਮਾਜਿਕ

ਸੰਪਰਕ ਜਾਂ ਸੰਗਤੀ ਤੋਂ ਦੂਰ ਰਹਿਣਾ ਹੈ।

ਇਹ ਕਿਹੜੇ ਲੋਕ ਸਨ ਜਿਨ੍ਹਾਂ ਤੋਂ ਬਚਣਾ ਚਾਹੀਦਾ ਸੀ? ਪੌਲੁਸ **ਹਰ ਇੱਕ ਭਰਾ** ਵੱਲ ਇਸ਼ਾਰਾ ਕਰਦਾ ਹੈ ਜੋ **ਕਸੂਤਾ ਚੱਲਦਾ ਹੈ।** KJV ਵਿੱਚ ਹੈ "ਹਰ ਇੱਕ ਭਰਾ ਜੋ ਨਿਯਮ ਦੇ ਵਿਰੁੱਧ ਚੱਲਦਾ ਹੈ।" ਯੂਨਾਨੀ ਸ਼ਬਦ ἀτάκτως (*ਅਟਾਕਟੋਸ*), ਜਿਸ ਤੋਂ KJV ਅਨੁਵਾਦ ਕਰਦਾ ਹੈ "ਨਿਯਮ ਦੇ ਵਿਰੁੱਧ" ਅਤੇ NIV ਅਨੁਵਾਦ ਕਰਦਾ ਹੈ "ਆਲਸੀ" ਉਸ ਦਾ ਸਧਾਰਣ ਅਰਥ "ਨਿਯਮ ਦੇ ਵਿਰੁੱਧ" ਹੈ, ਪਰ ਇਸ ਆਇਤ ਵਿੱਚ ਇਹ ਅਰਥ ਦਿੰਦਾ ਹੈ "ਭਾਰੂ ਹੋਣਾ" ਜਾਂ "ਮੁਫ਼ਤਖੋਰਾ।"[6] ਸ਼ਬਦ ਦੇ ਵਿਸ਼ੇ ਵਿੱਚ ਜਿਵੇਂ ਇੱਥੇ ਇਸਤੇਮਾਲ ਕੀਤਾ ਗਿਆ ਹੈ, ਏ. ਟੀ. ਰੋਬਟਸੰਨ ਨੇ ਕਿਹਾ ਕਿ ਇਹ ਇੱਕ "ਫ਼ੌਜ਼ੀ ਸ਼ਬਦ, ਪਦਾਂ ਤੋਂ ਬਾਹਰ।"[7]

ਥੱਸਲੁਨੀਕੇ ਦੀਆਂ ਮੁਸ਼ਕਲਾਂ ਦੇ ਮਾਮਲੇ ਵਿੱਚ, ਵਿਸ਼ੇਸ਼ ਅਵਿਵਸਥਾ, ਜਿਵੇਂ ਪ੍ਰਸੰਗ ਵਿੱਚ ਕਿਹਾ ਗਿਆ ਹੈ, ਆਲਸ ਹੈ। ਆਲਸ ਵਿੱਚ ਜੀਉਣ ਦਾ ਅਰਥ **ਰਵਾਇਤ ਦੇ ਅਨੁਸਾਰ** ਜੀਉਣ ਤੋਂ ਇਨਕਾਰ ਕਰਨਾ। ਡੇਵਿਡ ਜੇ. ਵਿਲੀਅਮਜ਼ ਵਿੱਚ "ਰਵਾਇਤ" ਸ਼ਬਦ ਦੀ ਬਜਾਇ, ਸ਼ਬਦ "ਸਿੱਖਿਆਵਾਂ" ਹੈ।[8] ਪੌਲੁਸ ਕਿਹੜੀ "ਸਿੱਖਿਆ" ਜਾਂ ਰਵਾਇਤ ਦੇ ਵਿਸ਼ੇ ਵਿੱਚ ਗੱਲ ਕਰ ਰਿਹਾ ਸੀ? ਇਹ ਉਹ ਸਿੱਖਿਆ ਸੀ ਜੋ ਥੱਸਲੁਨੀਕੇ ਦੇ ਲੋਕਾਂ ਨੇ ਪੌਲੁਸ ਕੋਲੋਂ **ਪਾਈ**, ਅਰਥਾਤ, ਜੋ ਉਸ ਨੇ ਮੌਖਿਕ ਰੂਪ ਵਿੱਚ ਕਿਹਾ ਸੀ ਜਦੋਂ ਉਹ ਉਨ੍ਹਾਂ ਦੇ ਨਾਲ ਮੌਜੂਦ ਸੀ ਅਤੇ ਉਨ੍ਹਾਂ ਉੱਤੇ ਆਪਣੀ ਪਹਿਲੀ ਪੱਤ੍ਰੀ ਵਿੱਚ ਇਸ ਗੱਲ ਦੀ ਪੁਸ਼ਟੀ ਕੀਤੀ ਸੀ (2:10 ਦੇ ਵਿਸ਼ੇ ਵਿੱਚ ਚਰਚਾ ਵੇਖੋ; 1 ਥੱਸਲੁਨੀਕੀਆਂ 4:11, 12; 5:12–14 ਵੀ ਵੇਖੋ)।

ਇਹ ਆਲਸ ਸ਼ਾਇਦ, ਕਿਸੇ ਨਾ ਕਿਸੇ ਤਰੀਕੇ ਦੇ ਨਾਲ, ਇਸ ਗਲਤ ਵਿਚਾਰ ਦੇ ਕਾਰਣ ਸੀ ਕਿ ਮਸੀਹ ਪਹਿਲਾਂ ਤੋਂ ਹੀ ਵਾਪਸ ਆ ਚੁੱਕਿਆ ਸੀ (2:2)। ਪਰ, ਵਿਸ਼ਵਾਸਯੋਗ ਭਰਾ ਇਸ ਧੋਖੇ ਵਿੱਚ ਨਹੀਂ ਫਸੇ ਸਨ। ਉਹ ਕਲੀਸਿਯਾ ਵਿੱਚੋਂ ਅਜਿਹੇ ਬਦਨਾਮ ਆਚਰਣ ਨੂੰ ਸੁਧਾਰਣ ਵਾਲੀ ਇੱਕ ਅਜਿਹੀ ਸੰਸਥਾ ਦੇ ਰੂਪ ਵਿੱਚ ਕੰਮ ਰਹੇ ਸਨ। ਜਿਵੇਂ ਉੱਪਰ ਦਿੱਤਾ ਗਿਆ ਸੀ, ਜੋ ਲੋਕ ਇਸ ਪ੍ਰਕਾਰ ਦਾ ਵਿਵਹਾਰ ਕਰਦੇ ਸਨ ਉਨ੍ਹਾਂ ਦੇ ਕੋਲੋਂ "ਦੂਰ ਰਹਿਣ" ਜਾਂ ਉਨ੍ਹਾਂ ਨੂੰ "ਬਾਹਰ ਕੱਢ ਦੇਣ" ਦੇ ਰਾਹੀਂ, ਇਸ ਨੂੰ ਸਹੀ ਕੀਤੇ ਜਾਣ ਦੀ ਲੋੜ ਸੀ। ਇਸ "ਦੂਰ ਰਹਿਣ" ਦੀ ਆਇਤਾਂ 14 ਅਤੇ 15 ਵਿੱਚ ਹੋਰ ਵੀ ਪੂਰਣ ਰੀਤਿ ਦੇ ਨਾਲ ਚਰਚਾ ਕੀਤੀ ਜਾਵੇਗੀ।

**ਆਇਤ 7.** ਪੌਲੁਸ ਨੇ ਕਿਹਾ, **ਤੁਸੀਂ ਤਾਂ ਆਪ ਜਾਣਦੇ ਹੋ**, ਪੌਲੁਸ ਜਾਂ ਹੋਰਨਾਂ ਦੇ ਰਾਹੀਂ ਯਾਦ ਕਰਵਾਏ ਜਾਣ ਤੋਂ ਬਿਨਾਂ ਹੀ, ਕਿ **ਤੁਹਾਨੂੰ ਕਿਸ ਰੀਤਿ ਦੇ ਨਾਲ ਸਾਡੀ ਰੀਸ ਕਰਨੀ ਚਾਹੀਦੀ ਹੈ।** "ਚਾਹੀਦੀ ਹੈ" ਇੱਕ ਬਹੁਤ ਹੀ ਸ਼ਕਤੀਸ਼ਾਲੀ ਸ਼ਬਦ ਹੈ ਅਤੇ ਇਸ ਦਾ ਅਨੁਵਾਦ "ਜ਼ਰੂਰ" ਵੀ ਕੀਤਾ ਜਾ ਸਕਦਾ ਹੈ। "ਰੀਸ" ਪੌਲੁਸ ਦੀ ਰੀਸ ਹੈ, ਅਤੇ ਇਸ ਦੇ ਅਨੁਸਾਰ ਚੱਲਿਆ ਜਾਣਾ ਚਾਹੀਦਾ ਸੀ ਕਿਉਂਕਿ ਉਹ ਯਿਸੂ ਦੀ ਰੀਸ ਕੀਤੀ ਸੀ (1 ਕੁਰਿੰਥੀਆਂ 11:1)। ਉਹ ਸ਼ੁੱਧ ਮਨ ਦੇ ਨਾਲ ਆਪਣੇ ਮਨ ਪਰਿਵਰਤਨ ਕੀਤੇ ਹੋਏ ਲੋਕਾਂ ਨੂੰ ਆਪਣੀ ਉਦਾਹਰਣ ਦੇ ਅਨੁਸਾਰ ਚੱਲਣ ਦੇ ਲਈ ਕਹਿ ਸਕਦਾ ਸੀ (1 ਥੱਸਲੁਨੀਕੀਆਂ 1:6; ਫ਼ਿਲਿੱਪੀਆਂ 4:9)। ਕੀ ਅਸੀਂ ਇਸ ਤਰ੍ਹਾਂ ਜੀਉਂਦੇ ਹਾਂ ਕਿ ਇਹ ਸਾਡੇ ਲਈ ਸੰਭਵ ਹੋਵੇ?

ਅੱਜ, ਬਹੁਤ ਸਾਰੇ ਮਸੀਹੀਆਂ ਨੂੰ ਚੰਗੇ "ਆਦਰਸ਼ਾਂ" ਦੀ ਲੋੜ ਹੈ, ਕਿ ਉਨ੍ਹਾਂ ਵੱਲ ਵੇਖਣ ਅਤੇ ਰੀਸ ਕਰਨ, ਨਾ ਸਿਰਫ ਇੱਕ ਰੋਜ਼ਗਾਰ ਕਮਾਉਣ ਵਿੱਚ ਹੀ ਨਹੀਂ, ਪਰ ਖਾਸ ਤੌਰ ਤੇ ਆਤਮਿਕ ਗਤੀਵਿਧੀਆਂ ਵਿੱਚ ਉਚਿਤ ਪ੍ਰਾਥਮਿਕਤਾ ਦੇਣ ਵਿੱਚ ਵੀ। ਕੀ ਅਸੀਂ, ਪੌਲੁਸ ਦੇ ਵਾਂਗ, ਉਹ ਲੋਕ ਹਾਂ ਜੋ ਰੁੱਝੇ ਹੋਏ ਲੋਕ ਹਾਂ, ਅਤੇ ਗੰਭੀਰ ਚੀਜ਼ਾਂ ਵਿੱਚ ਰੁੱਝੇ ਹੋਏ ਹਾਂ? ਜਾਂ ਕੀ

ਅਸੀਂ ਆਪਣਾ ਜ਼ਿਆਦਾਤਰ ਸਮਾਂ "ਖੇਡਾਂ ਵਿੱਚ ਰੁੱਝੇ ਹੋਏ" ਗਵਾ ਦਿੰਦੇ ਹਾਂ? ਪੌਲੁਸ ਦੇ ਮਨ ਵਿੱਚ ਜਿਹੜੀ ਖਾਸ ਗੱਲ ਸੀ, ਉਹ ਜ਼ਰੂਰ ਰੋਜ਼ੀ ਰੋਟੀ ਕਮਾਉਣ ਦੇ ਲਈ ਕੰਮ ਕਰਨਾ ਸੀ। ਇਸ ਆਇਤ ਵਿੱਚ, ਉਸ ਨੇ ਕਿਹਾ ਕਿ ਉਸ ਦੀ ਉਦਾਹਰਣ ਆਲਸ ਦੇ ਵਿਰੋਧ ਵਿੱਚ ਸੀ, ਅਤੇ ਆਇਤ 10 ਵਿੱਚ, ਉਸ ਨੇ ਯਾਦ ਦਿਵਾਇਆ ਕਿ ਉਸ ਦੀ ਸਿੱਖਿਆ ਵੀ ਇਸ ਦੇ ਵਿਰੋਧ ਵਿੱਚ ਸੀ।

ਥੱਸਲੁਨੀਕੀਆਂ ਵਿੱਚ ਰਹਿੰਦਿਆਂ ਹੋਇਆਂ ਪੌਲੁਸ ਦੀ ਉਦਾਹਰਣ ਦੇ ਸੰਬੰਧ ਵਿੱਚ, **ਤੁਹਾਡੇ ਵਿੱਚ ਕਸੂਤੇ ਨਾ ਚੱਲੇ** ("ਨਿਯਮ ਦੇ ਵਿਰੁੱਧ"; KJV); ਇਸ ਦੀ ਬਜਾਇ, ਉਸ ਨੇ ਕਿਸੇ ਹੋਰ ਦੇ ਵਾਂਗ ਕਈ ਘੰਟੇ ਕੰਮ ਕੀਤਾ।. "ਕਸੂਤੇ" ਯੂਨਾਨੀ ਸ਼ਬਦ ἠτακτήσαμεν (*ਏਤਕਤੇਸਾਮੈੱਨ*) ਤੋਂ ਹੈ, "ਜੋ [ਇੱਕ] ਪੁਰਾਤਨ ਕਿਰਿਆ *ਅਤਾਕਤੇਓ* ਦਾ ਪਹਿਲਾ ਨਿਸ਼ਚਤ ਕਿਰਿਆਸ਼ੀਲ ਸੰਕੇਤ ਹੈ, ਸਿਪਾਹੀਆਂ ਦੇ ਪਦਾਂ ਤੋਂ ਹਟਾਇਆ ਜਾਣਾ"[9] ਇਸੇ ਸ਼ਬਦ ਦਾ ਇੱਕ ਰੂਪ ਆਇਤ 6 ਵਿੱਚ ਵਰਤਿਆ ਗਿਆ ਸੀ)। ਪੌਲੁਸ ਦੇ ਜੀਵਨ ਦਾ ਤਰੀਕਾ ਉਨ੍ਹਾਂ ਭਾਈਆਂ ਦੇ ਵਾਂਗ "ਅਨੁਸ਼ਾਸਨਹੀਣ" ਜਾਂ "ਅਨਿਯੰਤਰਿਤ" ਨਹੀਂ ਸੀ ਜਿਨ੍ਹਾਂ ਨੂੰ ਉਹ ਸੁਧਾਰ ਰਿਹਾ ਸੀ।

**ਆਇਤ 8. ਨਾ ਕਿਸੇ ਕੋਲੋਂ ਮੁਖਤ ਰੋਟੀ ਖਾਧੀ।** ਪੌਲੁਸ ਨੇ ਕਿਹਾ ਉਸ ਨੇ ਅਤੇ ਉਸ ਦੇ ਨਾਲ ਦੇ ਕਰਮਚਾਰੀਆਂ ਨੇ ਕੰਮ ਕੀਤਾ ਅਤੇ ਆਪਣਾ ਖਰਚ ਆਪ ਚੁੱਕਿਆ ਸੀ। ਇਬਰਾਨੀ ਵਿੱਚ "ਰੋਟੀ" ਇੱਕ ਆਮ ਤਰੀਕਾ ਹੈ ਜਿਸ ਦੇ ਨਾਲ ਭੋਜਨ ਨੂੰ ਦਰਸਾਇਆ ਜਾਂਦਾ ਹੈ (ਤੁਲਨਾ ਮੱਤੀ 6:11)। ਲੀਓਨ ਮੌਰਿਸ ਨੇ ਰੋਟੀ ਦੇ ਹੋਰ ਉਪਯੋਗ ਦੇ ਵਿਸ਼ੇ ਵਿੱਚ ਦੱਸਿਆ:

> "ਰੋਟੀ ਖਾਣਾ" ਜਾਹਿਰ ਤੌਰ ਤੇ ਇੱਕ ਸਾਮੀਵਾਦ ਹੈ। ਸਧਾਰਣ ਤੌਰ ਤੇ ਇਸ ਦਾ ਅਰਥ "ਇੱਕ ਵੇਲੇ ਦਾ ਭੋਜਨ," ਜਾਂ "ਭੋਜਨ" ਨਹੀਂ ਹੈ, ਪਰ ਇਸ ਦੀ ਬਜਾਇ "ਇੱਕ ਜੀਵਿਕਾ ਪ੍ਰਾਪਤ ਕਰਨਾ ਹੈ" (ਤੁਲਨਾ ਉਤਪਤ 8:19, ਆਮੋਸ 7:12, ਆਦਿ)। ਪੌਲੁਸ ਦਾ ਮਤਲਬ ਇਹ ਨਹੀਂ ਹੈ ਕਿ ਉਸ ਨੇ ਪਰਾਹੁਣਾਚਾਰੀ ਦਾ ਸੱਦਾ ਕਦੀ ਵੀ ਸਵੀਕਾਰ ਨਹੀਂ ਕੀਤਾ ਹੈ, ਪਰ ਇਹ ਹੈ ਕਿ ਉਹ ਆਪਣੀ ਜੀਵਿਕਾ ਦੇ ਲਈ ਦੂਜਿਆਂ ਲੋਕਾਂ ਤੇ ਨਿਰਭਰ ਨਹੀਂ ਕਰਦਾ ਸੀ।[10]

ਭੀਖ ਮੰਗਣ ਦੀ ਬਜਾਇ, ਪੌਲੁਸ ਨੇ ਕਿਹਾ ਉਹ **ਮਿਹਨਤ ਪੋਰਿਆ ਨਾਲ ਰਾਤ ਦਿਨ ਕੰਮ ਧੰਦਾ ਕਰਦੇ ਸਾਂ** (ਤੁਲਨਾ ਕਰੋ 1 ਥੱਸਲੁਨੀਕੀਆਂ 2:9; ਰਸੂਲਾਂ ਦੇ ਕਰਤੱਬ 20:34)। ਸ਼ਾਇਦ ਉਹ ਕੰਮ ਜਿਸ ਦਾ ਉਲੇਖ ਕੀਤਾ ਗਿਆ ਹੈ ਉਹ ਤੰਬੂ-ਬਣਾਉਣ ਦਾ ਕੰਮ ਹੈ (ਵੇਖੋ ਰਸੂਲਾਂ ਦੇ ਕਰਤੱਬ 18:3)। ਤੰਬੂ ਬਣਾਉਣ ਅਤੇ ਪ੍ਰਚਾਰ ਕਰਨ ਦੇ ਲਈ ਕਾਫੀ ਸਮਾਂ ਕੱਢਣ ਦੇ ਲਈ ਉਸ ਨੂੰ ਲੰਬੇ ਸਮੇਂ ਦੇ ਲਈ ਕੰਮ ਕਰਨਾ ਪੈਂਦਾ ਸੀ। ਉਨ੍ਹਾਂ ਦੀ ਆਤਮ ਨਿਰਭਰਤਾ ਵਿੱਚ **ਮਿਹਨਤ ਪੋਰਿਆ** ਸ਼ਾਮਲ ਸੀ, ਤਾਂ ਕਿ ਪੌਲੁਸ ਅਤੇ ਉਸ ਦੇ ਸਹਿਕਰਮੀ **ਕਿਸੇ ਉੱਤੇ ਭਾਰੂ ਨਾ** ਹੋਣ। ਸ਼ਬਦ "ਮਿਹਨਤ" κόπος (*ਕੋਪੋਸ*) ਤੋਂ ਅਨੁਵਾਦ ਕੀਤਾ ਗਿਆ ਹੈ, ਜੋ ਸਖ਼ਤ ਮਿਹਨਤ ਦਾ ਉਲੇਖ ਕਰਦਾ ਹੈ ਜੋ ਥਕਾ ਦੇਣ ਵਾਲੀ ਹੁੰਦੀ ਹੈ। ਪੌਲੁਸ ਉਨ੍ਹਾਂ ਦੇ ਕੋਲੋਂ ਇਹ ਉਮੀਦ ਨਹੀਂ ਕਰਦਾ ਸੀ ਕਿ ਉਹ ਆਪਣੇ ਆਪ ਦੇ ਨਾਲ ਨਾਲ ਉਸ ਦੀ ਮਦਦ ਵੀ ਕਰਨ।

**ਆਇਤ 9.** ਪੌਲੁਸ ਨੇ ਆਪਣੇ ਆਪ ਦੀ ਆਪ ਮਦਦ ਕੀਤੀ, ਪਰ **ਨਾ ਇਸ ਕਰਕੇ ਜੋ** [ਉਸ ਨੂੰ] **ਇਖ਼ਤਿਆਰ ਨਹੀਂ ਸੀ** ਕਿ ਆਰਥਿਕ ਮਦਦ ਲਵੇ ਤਾਂ ਕਿ ਉਹ ਪੂਰਾ-ਸਮਾਂ ਪ੍ਰਚਾਰ ਕਰ ਸਕੇ। ਹੌਗ ਦਾ ਕਹਿਣਾ ਹੈ ਕਿ "ਸ਼ਬਦ ἐξουσία (*ਐੱਕਸੋਊਸੀਆ*), ਦਾ ਅਨੁਵਾਦ ਇੱਥੇ 'ਇਖ਼ਤਿਆਰ,' ਕੀਤਾ ਗਿਆ ਹੈ, ਪਹਿਲਾ, ਕੁਝ ਵੀ ਕਰਨ ਦੀ ਅਜ਼ਾਦੀ, ਅਤੇ ਫਿਰ, ਉਸ ਨੂੰ ਕਰਨ ਦਾ ਅਧਿਕਾਰ।"[11] ਪੌਲੁਸ ਇਸ ਗੱਲ ਨੂੰ ਸਪੱਸ਼ਟ ਕਰ ਦੇਣਾ ਚਾਹੁੰਦਾ ਸੀ ਕਿ ਉਸ ਨੂੰ

ਇਹ "ਅਧਿਕਾਰ" ਸੀ ਕਿ ਉਹ ਆਪਣਾ ਸਾਰਾ ਸਮਾਂ ਆਤਮਿਕ ਗਤੀਵਿਧੀਆਂ ਵਿੱਚ ਲਾਵੇ ਅਤੇ ਆਪਣਾ ਸਮਰਥਨ ਕਰਨ ਦੇ ਲਈ ਕਲੀਸਿਯਾ ਨੂੰ ਕਹੇ। ਉਸ ਨੇ ਹੋਰਨਾਂ ਮੌਕਿਆਂ ਉੱਤੇ ਅਜਿਹਾ ਕੀਤਾ ਸੀ (2 ਕੁਰਿੰਥੀਆਂ 11:8; ਫ਼ਿਲਿੱਪੀਆਂ 4:16), ਅਤੇ ਕਿਸੇ ਹੋਰ ਸਥਾਨ ਤੇ ਉਸ ਨੇ ਆਪਣੇ ਅਧਿਕਾਰ ਦੀ ਬੜੀ ਦ੍ਰਿੜਤਾ ਦੇ ਨਾਲ ਰੱਖਿਆ ਕੀਤੀ (1 ਕੁਰਿੰਥੀਆਂ 9:1–14)। ਪਰ,ਕਈ ਵਾਰ ਪੌਲੁਸ ਨੇ ਮਹਿਸੂਸ ਕੀਤਾ ਕਿ ਇੰਜੀਲ ਦੇ ਵਿੱਚ ਰੁਕਾਵਟ ਪੈਦਾ ਕਰਨ ਦੀ ਬਜਾਇ ਇਹ ਉੱਤਮ ਹੈ ਕਿ ਉਹ ਇਸ "ਅਧਿਕਾਰ" ਨੂੰ ਛੱਡ ਦੇਵੇ (1 ਕੁਰਿੰਥੀਆਂ 9:12–15)। ਉਸ ਨੇ ਕੁਰਿੰਥੁਸ ਅਤੇ ਥੱਸਲੁਨੀਕੇ ਵਿੱਚ ਇਸ ਦਾ ਤਿਆਗ ਕੀਤਾ ਸੀ।

ਪੌਲੁਸ ਨੇ ਚੁਣਿਆ ਕਿ ਉਹ ਆਪਣੇ "ਅਧਿਕਾਰ" ਨੂੰ ਸ਼ਾਮਲ ਨਹੀਂ ਕਰੇਗਾ ਤਾਂ ਕਿ ਉਹ ਆਪਣੇ ਆਪ ਨੂੰ [ਉਨ੍ਹਾਂ ਦੇ ਲਈ] ਇੱਕ **ਨਮੂਨਾ . . . ਰੀਸ** ਕਰ ਸਕਣ। ਇੱਕ ਅਮਲੀ ਦ੍ਰਿਸ਼ਟੀਕੋਣ ਤੋਂ, ਸ਼ਬਦ "ਨਮੂਨਾ" ("ਉਦਾਹਰਣ"; RSV) ਦਾ ਅਰਥ ਹੈ ਇੱਕ ਅਜਿਹਾ ਵਿਅਕਤੀ ਜਿਸ ਨੂੰ ਦੂਸਰੇ ਲੋਕ ਵੇਖ ਕੇ ਸਮਝ ਸਕਣ ਕਿ ਉਸ ਨੇ ਮਸੀਹ ਦੇ ਸਿਧਾਂਤ ਅਪਨਾਏ ਹੋਏ ਹਨ। ਬੇਸ਼ੱਕ, ਉਹ ਇਹ ਨਹੀਂ ਕਹਿ ਰਿਹਾ ਸੀ ਕਿ ਉਹ ਇੱਕ ਸਿੱਧ ਨਮੂਨਾ ਹੈ ਇਸ ਲਈ ਉਸ ਦੀ ਬੇਨਤੀ ਇਹ ਸੀ ਕਿ ਦੂਸਰੇ ਲੋਕ ਉਸ ਦੀ ਉਦਾਹਰਣ ਦੇ ਅਨੁਸਾਰ ਚੱਲਣ ਬਿਲਕੁਲ ਜਿਵੇਂ ਉਹ "ਮਸੀਹ ਦੇ ਅਨੁਸਾਰ ਚੱਲਦਾ ਹੈ" (1 ਕੁਰਿੰਥੀਆਂ 11:1; NIV)। ਪੌਲੁਸ ਨੇ "ਨਮੂਨਾ" ਬਣਨ ਦੀ ਕੋਸ਼ਿਸ਼ ਕੀਤੀ, ਅਤੇ ਇਹ ਉਸ ਦੀ ਆਸ ਸੀ ਕਿ ਉਹ, ਥੱਸਲੁਨੀਕੇ ਦੇ ਮਸੀਹੀ, ਉਸ ਦੇ "ਪਿੱਛੇ ਚੱਲਣ" ਜਾਂ ਉਸ ਦੀ "ਰੀਸ" ਕਰਨ (RSV)। ਉਹ ਵੇਖਣਗੇ ਕਿ ਕਿਵੇਂ ਉਹ "ਦਿਨ ਰਾਤ" ਕੰਮ ਕਰਦਾ ਸੀ ਅਤੇ ਉਹ ਖੁਦ ਵੀ ਉਸੇ ਤਰੀਕੇ ਨਾਲ ਚੱਲਣ ਦੀ ਕੋਸ਼ਿਸ਼ ਕਰਣਗੇ। ਜਦੋਂ ਉਹ ਥੱਸਲੁਨੀਕੇ ਵਿਚ ਸੀ, ਤਾਂ ਉਨ੍ਹਾਂ ਨੇ ਕਦੀ ਵੀ ਉਸ ਨੂੰ ਘਰ ਵਿੱਚ ਰਹਿ ਕੇ, ਅਰਾਮ ਕਰਦੇ ਹੋਏ ਨਹੀਂ ਵੇਖਿਆ ਸੀ, ਜਦਕਿ ਦੂਜੇ ਲੋਕ ਬਾਹਰ ਜਾ ਕੇ ਕੰਮ ਕਰ ਰਹੇ ਸਨ। ਇੱਕ ਚੰਗੀ ਮਿਸਾਲ ਬਣਨ ਦੇ ਲਈ ਉਸ ਨੇ "ਸਖ਼ਤ ਮਿਹਨਤ" ਕੀਤੀ। ਅਸਲ ਵਿੱਚ, ਸੱਚਾ ਮਸੀਹੀ ਕਦੀ ਵੀ ਆਲਸੀ ਨਹੀਂ ਹੋਵੇਗਾ, ਜੋ ਇਸ ਉਮੀਦ ਦੇ ਨਾਲ ਇੱਧਰ-ਉੱਧਰ ਬੈਠਾ ਰਹੇ ਕਿ ਦੂਸਰੇ ਲੋਕ ਉਸ ਦੇ ਲਈ ਕੰਮ ਕਰਨ। ਇਸ ਦੀ ਬਜਾਇ, ਜੇਕਰ ਉਸ ਦੀਆਂ ਆਰਥਿਕ ਲੋੜਾਂ ਨੂੰ ਪੂਰਾ ਕਰਨ ਦੇ ਲਈ ਜ਼ਰੂਰੀ ਹੋਵੇ ਤਾਂ ਉਹ ਰਾਤ ਨੂੰ ਵੀ ਕੰਮ ਕਰੇਗਾ, ਅਤੇ ਦੂਜਿਆਂ ਦੀ ਭੌਤਿਕ ਤੌਰ ਤੇ (ਅਫ਼ਸੀਆਂ 4:28) ਅਤੇ ਇਸ ਦੇ ਨਾਲ ਨਾਲ ਆਤਮਿਕ ਤੌਰ ਤੇ ਵੀ ਮਦਦ ਕਰੇਗਾ (ਗਲਾਤੀਆਂ 6:1)।

**ਆਇਤ 10.** ਪੌਲੁਸ ਨੇ ਭਾਈਆਂ ਨੂੰ ਯਾਦ ਕਰਵਾਇਆ, **ਕਿਉਂਕਿ ਜਦ ਅਸੀਂ ਤੁਹਾਡੇ ਕੋਲ ਸਾਂ ਤਦ ਵੀ ਤੁਹਾਨੂੰ ਇਹ ਹੁਕਮ ਦਿੱਤਾ ਸੀ . . .** । ਪੌਲੁਸ ਨੇ ਪਹਿਲਾਂ ਤੋਂ ਹੀ ਆਲਸ ਨੂੰ ਸੰਬੋਧਤ ਕੀਤਾ ਸੀ ਜਦੋਂ ਕਈ ਮਹੀਨੇ ਪਹਿਲਾਂ ਉਹ ਉਨ੍ਹਾਂ ਦੇ ਨਾਲ ਸੀ ਅਤੇ ਮੰਡਲੀ ਦੀ ਸਥਾਪਨਾ ਕਰ ਰਿਹਾ ਸੀ। "ਹੁਕਮ . . . ਦਿੱਤਾ" ਕਿਰਿਆ ਦਾ ਅਪੂਰਣ ਰੂਪ ਹੈ (παρηγγέλλομεν, *ਪੇਰੇਂਗਲੋਮੇੱਨ,* *ਤੋਂ*παραγγέλλω, *ਪੇਰੇਂਗਲੋ,* "ਹੁਕਮ ਦੇਣਾ"), ਇੱਕ ਹੁਕਮ ਦੇ ਬਾਰ-ਬਾਰ ਹੁਕਮ ਦਿੱਤੇ ਜਾਣ ਦਾ ਸੰਕੇਤ ਹੈ, ਅਤੇ ਭਾਵ ਦੇ ਰਿਹਾ ਹੈ ਪੌਲੁਸ ਦੇ ਉੱਥੇ ਹੁੰਦੇ ਹੋਇਆਂ ਵੀ ਇੱਕ ਗੰਭੀਰ ਸਮੱਸਿਆ ਉੱਥੇ ਸੀ। ਇਹ ਟਿੱਪਣੀ ਕੁਝ ਆਲਸੀ ਲੋਕਾਂ ਦਾ ਸੰਕੇਤ ਵੀ ਦਿੰਦੀ ਹੈ ਆਲਸ ਦੇ ਲਈ ਜਿਨ੍ਹਾਂ ਦਾ ਸਭ ਤੋਂ ਨਵਾਂ ਬਹਾਨਾ ਪ੍ਰਭੂ ਦੇ ਆਉਣ ਦਾ ਵਿਚਾਰ ਸੀ। (1 ਥੱਸਲੁਨੀਕੀਆਂ 4:11 ਵਿੱਚ ਇਸ ਵਿਸ਼ੇ ਤੇ ਉਸ ਦੀ ਚੇਤਾਵਨੀ ਨੂੰ ਵੇਖੋ।)

"ਹੁਕਮ" ("ਆਦੇਸ਼"; RSV) ਪੌਲੁਸ ਦੇ ਅਜਿਹਾ ਬੋਲਣ ਦਾ ਪ੍ਰਭਾਵ ਹੈ ਕਿ ਆਲਸੀ ਵਿਅਕਤੀ ਜੋ **ਕੰਮ ਧੰਦਾ ਕਰਨੋਂ ਨੱਕ . . . ਤਾਂ ਰੋਟੀ ਵੀ ਨਾ ਖਾਵੇ**। ਉਸ ਵਿਅਕਤੀ ਨੂੰ

ਦੂਜਿਆਂ ਦੇ ਰਾਹੀਂ ਭੋਜਨ ਵੀ ਨਹੀਂ ਦਿੱਤਾ ਜਾਣਾ ਚਾਹੀਦਾ ਹੈ, ਪਰ ਉਸ ਨੂੰ ਭੁੱਖਾ ਛੱਡ ਦੇਣਾ ਚਾਹੀਦਾ ਹੈ। ਹੋ ਸਕਦਾ ਹੈ ਕਿ ਇਹ ਉਸ ਸਮਾਜ ਵਿੱਚ ਆਮ ਤੌਰ ਤੇ ਸਵੀਕਾਰ ਕੀਤਾ ਜਾਣ ਵਾਲਾ ਨਿਯਮ ਸੀ, ਪਰ ਇਹ ਪਵਿੱਤਰ ਸ਼ਾਸਤਰ ਤੇ ਅਧਾਰਤ ਸੀ (ਉਤਪਤ 3:19 ਨਾਲ ਤੁਲਨਾ ਕਰਕੇ ਵੇਖੋ)। ਹੌਗ ਨੇ ਕਿਹਾ, "ਰੱਬੀ ਦੀ ਇੱਕ ਕਹਾਵਤ ਸੀ ਜੋ ਵਰਤਮਾਨ ਦੀ ਕਹਾਵਤ ਦੇ ਨਾਲ ਮਿਲਦੀ-ਜੁਲਦੀ ਸੀ, ਜੇਕਰ ਸਮਾਨ ਸ਼ਬਦ ਨਹੀਂ ਹਨ; ਤਾਂ ਉਨ੍ਹਾਂ ਦੇ ਨਾਲ ਸ਼ਾਇਦ ਉਤਪਤ 3:19 ਦਾ ਕਟੌਤੀ ਸੀ। ਰਸੂਲ ਗਲਤ ਦਾਨ ਤੋਂ ਮਨ੍ਹਾ ਕਰਦਾ ਹੈ ਜੋ ਆਲਸ ਨੂੰ ਉਤਸ਼ਾਹਿਤ ਕਰਦਾ ਅਤੇ ਪ੍ਰਾਪਤ ਕਰਨ ਵਾਲਿਆਂ ਨੂੰ ਵਿਗਾੜ ਸਕਦਾ ਹੈ।"[12]

ਬੇਸ਼ੱਕ, ਇਹ ਨਿਯਮ, ਉਨ੍ਹਾਂ ਲੋਕਾਂ ਦੇ ਲਈ ਨਹੀਂ ਸੀ ਜੋ ਕੰਮ ਕਰਨਾ ਚਾਹੁੰਦੇ ਸਨ ਪਰ ਕਰ ਨਹੀਂ ਸਕਦੇ ਸਨ, ਕਿਉਂਕਿ ਜਾਂ ਤਾਂ ਉਹ ਬੀਮਾਰ ਸਨ ਜਾਂ ਇਸ ਕਰਕੇ ਕਿ ਕੰਮ ਨਹੀਂ ਸੀ (ਤੁਲਨਾ ਅਫ਼ਸੀਆਂ 4:28; ਗਲਾਤੀਆਂ 6:10)। ਪਰ, ਜਦੋਂ ਇਹ ਆਲਸ ਦਾ ਮਾਮਲਾ ਸੀ, ਪੌਲੁਸ ਨੇ ਸੰਕੇਤ ਦਿੱਤਾ ਕਿ ਇਹ ਇੱਕ ਗੰਭੀਰ ਮਾਮਲਾ ਹੈ ਜਿਸ ਦੇ ਨਾਲ ਨਜਿੱਠਣਾ ਜ਼ਰੂਰੀ ਸੀ।

ਪੌਲੁਸ ਅਤੇ ਉਹ ਦੇ ਸਹਿਕਰਮੀਆਂ ਨੇ ਥੱਸਲੁਨੀਕੇ ਵਿੱਚ ਰਹਿੰਦੇ ਸਮੇਂ ਅਜਿਹੇ ਮੈਂਬਰਾਂ ਨੂੰ ਬਾਰ ਬਾਰ ਕੰਮ ਕਰਨ ਦੇ ਲਈ ਹੁਕਮ ਦਿੱਤਾ ਸੀ। ਬਾਅਦ ਵਿੱਚ, ਪੌਲੁਸ ਨੇ ਉਹੀ ਗੱਲ (1 ਥੱਸਲੁਨੀਕੀਆਂ 4:11) ਲਿਖੀ ਸੀ। ਹੁਣ, ਪੌਲੁਸ ਬੇਨਤੀ ਕਰ ਰਿਹਾ ਸੀ ਕਿ ਇਸ ਸਮੱਸਿਆ ਦੇ ਨਾਲ ਨਜਿੱਠਿਆ ਜਾਵੇ, ਅਤੇ ਉਹ ਲੋਕ ਲਗਾਤਾਰ ਇਸ ਹੁਕਮ ਦੀ ਅਣਆਗਿਆਕਾਰੀ ਕਰ ਰਹੇ ਸਨ ਉਨ੍ਹਾਂ ਨੂੰ ਮੰਡਲੀ ਵਿੱਚੋਂ ਕੱਢ ਦਿੱਤਾ ਜਾਵੇ। ਹੁਣ, ਪੌਲੁਸ ਨੇ ਬੇਨਤੀ ਕਰ ਰਿਹਾ ਸੀ ਕਿ ਇਸ ਸਮੱਸਿਆ ਦੇ ਨਾਲ ਨਜਿੱਠਿਆ ਜਾਵੇ, ਅਤੇ ਉਹ ਜੋ ਲਗਾਤਾਰ ਇਸ ਹੁਕਮ ਦੀ ਅਣਆਗਿਆਕਾਰੀ ਕਰਦੇ ਹਨ ਉਨ੍ਹਾਂ ਨੂੰ ਆਪਣੀ ਮੰਡਲੀ ਦੇ ਵਿੱਚੋਂ ਬਾਹਰ ਕੱਢ ਦਿੱਤਾ ਜਾਵੇ (ਆਇਤ 14)। ਪਰ, ਉਨ੍ਹਾਂ ਨੂੰ ਕੱਢ ਦੇਣ ਲਈ ਕਹਿਣ ਤੋਂ ਪਹਿਲਾਂ, ਅਗਲੀ ਆਇਤ ਵਿੱਚ ਉਹ ਆਲਸ ਦੇ ਕੁਝ ਨਾਕਾਰਾਤਮਕ ਪਰਿਣਾਮਾਂ ਵਿੱਚੋਂ ਕੁਝ ਪਰਿਣਾਮਾਂ ਦੇ ਨਾਲ ਨਜਿੱਠਿਆ।

**ਆਇਤ 11.** ਪੌਲੁਸ ਨੇ ਸਾਫ਼ ਸਾਫ਼ ਕਿਹਾ ਕਿ ਕਿਉਂ ਉਹ ਉਨ੍ਹਾਂ ਨੂੰ ਪ੍ਰੇਰਿਤ ਕਰ ਰਿਹਾ ਸੀ ਕਿ ਉਹ ਆਪਣੇ ਆਪ ਦੀ ਮਦਦ ਕਰਨ ਦੇ ਲਈ ਕੰਮ ਕਰਨ: ਉਸ ਨੇ ਸੁਣਿਆ ਸੀ ਕਿ **ਕਈਕੁ ਤੁਹਾਡੇ** [ਥੱਸਲੁਨੀਕੇ ਦੇ ਲੋਕ] **ਵਿੱਚੋਂ ਕਸੂਤੇ ਚੱਲਦੇ** ਸਨ। ਉਸ ਨੇ ਇਹ ਨਹੀਂ ਦੱਸਿਆ ਕਿ ਉਸ ਨੂੰ ਸੂਚਨਾ ਦੇਣ ਵਾਲਾ ਕੌਣ ਸੀ, ਪਰ ਸ਼ਾਇਦ ਇਹ ਖਬਰ ਤਿਮੋਥਿਉਸ ਵੱਲੋਂ ਸੀ ਜਦੋਂ ਉਹ ਪਹਿਲੀ ਪੱਤ੍ਰੀ ਦੇ ਕੇ ਵਾਪਸ ਆਇਆ ਸੀ, ਜਾਂ ਇੱਕ ਥੱਸਲੁਨੀਕੇ ਦਾ ਆਦਮੀ ਜੋ ਕੁਰਿੰਥੁਸ ਤੋਂ ਯਾਤਰਾ ਕਰਦੇ ਹੋਏ ਆਇਆ ਸੀ। ਕਿਸੇ ਵੀ ਦਰ ਤੇ, ਉਸ ਨੇ ਸੁਣਿਆ ਕਿ ਸਮੱਸਿਆ ਬਣੀ ਹੋਈ ਸੀ। ਉਨ੍ਹਾਂ ਵਿੱਚੋਂ ਕੁਝ ਹੁਣ ਤੱਕ-ਇਨ੍ਹਾਂ ਸਾਰੀਆਂ ਚੇਤਾਵਨੀਆਂ ਦੇ ਬਾਵਜੂਦ ਵੀ– "ਅਨੁਸ਼ਾਸਨਹੀਣ," ਜਾਂ "ਆਲਸੀ" ਸਨ (NIV)। ਫਿਰ, (ਯੂਨਾਨੀ ਭਾਸ਼ਾ ਵਿੱਚ) ਸ਼ਬਦਾਂ ਦੇ ਇੱਕ ਸਿੱਧ ਹੇਰ-ਫੇਰ ਦੇ ਨਾਲ, ਉਸ ਅਜਿਹਾ ਕੁਝ ਕਿਹਾ, "ਉਹ ਰੁੱਝੇ ਨਹੀਂ ਸਨ; ਉਹ ਪਰਾਏ ਕੰਮ ਵਿੱਚ ਲੱਤ ਅੜਾਉਣ ਵਾਲੇ ਸਨ।" ਦੂਜੇ ਸ਼ਬਦਾਂ ਵਿੱਚ, ਉਹ ਆਪਣੇ ਕੰਮਾਂ ਵਿੱਚ ਰੁੱਝੇ ਹੋਏ ਨਹੀਂ ਸਨ, ਪਰ ਉਹ ਹਮੇਸ਼ਾ ਕਰ ਰਹੇ ਸਨ ਕੀ ਕੀਤਾ ਜਾਵੇ, ਜੋ ਦੂਜਿਆਂ ਦੇ ਕੰਮ ਵਿੱਚ "ਦਖਲਅੰਦਾਜ਼ੀ" ਕਰਨਾ ਹੁੰਦਾ ਹੈ। ਅਸਲੀ ਯੂਨਾਨੀ ਵਿੱਚ ਸ਼ਬਦਾਂ ਦੇ ਹੇਰ ਫੇਰ ਦਾ ਅਰਥ ਹੈ "ਕੋਈ ਕੰਮ ਨਹੀਂ ਕਰਨਾ," μηδὲν ἐργαζομένους (*ਮੇਡੇਨ ਅਰਗਾਜ਼ੋਮੇਨਸ*), ਪਰ "ਦੂਜਿਆਂ ਦੇ ਕੰਮ ਵਿੱਚ ਲੱਤ ਅੜਾਉਣ ਵਾਲਾ," περιεργαζομένους (*ਪੇਰੀਅਰਗਾਜ਼ੋਮੇਨਸ*)। ਅਜਿਹੇ ਵਿਵਹਾਰ ਨਾਲ ਸਚਮੁੱਚ ਕਲੀਸਿਯਾ ਦੇ ਵਿੱਚ ਸਮੱਸਿਆਵਾਂ

ਪੈਦਾ ਹੋਣਗੀਆਂ ਕਿਉਂਕਿ ਆਲਸ ਦੇ ਬਹੁਤ ਸਾਰੇ ਬੁਰੇ ਨਤੀਜੇ ਹੁੰਦੇ ਹਨ। ਪੌਲੁਸ ਨੇ ਆਲਸ ਨੂੰ ਖਤਮ ਕਰਨ ਦੇ ਲਈ ਆਲਸੀਆਂ ਨੂੰ ਚੇਤਾਵਨੀ ਦਿੱਤੀ ਸੀ, ਅਤੇ ਉਸ ਨੇ ਬਾਕੀ ਕਲੀਸਿਯਾ ਨੂੰ ਵੀ ਹੁਕਮ ਦਿੱਤਾ ਕਿ ਜੇਕਰ ਉਹ ਤਾਂ ਵੀ ਕੰਮ ਕਰਨ ਤੋਂ ਇਨਕਾਰ ਕਰਨ ਤਾਂ ਉਹ ਉਨ੍ਹਾਂ ਨੂੰ ਅਨੁਸ਼ਾਸਿਤ ਕਰਨ।

**ਆਇਤ 12.** ਪੌਲੁਸ ਨੇ ਆਪਣਾ ਧਿਆਨ **ਏਹੋ ਜੇਹਿਆਂ** ਵੱਲ ਲਾਇਆ ਜਿਨ੍ਹਾਂ ਉੱਤੇ ਕਸੂਤਾ ਜੀਵਨ ਜਿਉਣ ਦਾ ਦੋਸ਼ ਸੀ। ਜਦੋਂ ਉਸ ਨੇ ਸਮੱਸਿਆ ਨੂੰ ਸੰਬੋਧਤ ਕੀਤਾ, ਤਾਂ ਉਸ ਨੇ "ਅਧਿਕਾਰ ਦੇ ਨਾਲ ਬੇਨਤੀ ਨੂੰ ਵੀ ਮਿਸ਼ਰਤ ਕੀਤਾ": **ਅਸੀਂ ਹੁਕਮ ਦਿੰਦੇ** [ਆਇਤਾਂ 6, 10 ਤੇ ਵਿਚਾਰ-ਵਟਾਂਦਰਾ ਵੇਖੋ] **ਅਤੇ ਤਗੀਦ ਕਰਦੇ ਹਾਂ**।[13] ਉਸ ਦੇ ਸਹਿਯੋਗੀ ਸ਼ਾਮਲ ਸਨ, ਪਰ ਇੱਕ ਰਸੂਲ ਹੋਣ ਦੇ ਨਾਤੇ, ਹੁਕਮ ਅਸਲ ਵਿੱਚ ਉਸ ਦਾ ਸੀ (2 ਕੁਰਿੰਥੀਆਂ 10:8)। ਮਾਰਸ਼ਲ ਨੇ ਕਿਹਾ, "'ਅਸੀਂ ਹੁਕਮ ਦਿੰਦੇ ਹਾਂ' (ਆਇਤਾਂ 4, 6) ਇੱਕ ਕਿਰਿਆ ਹੈ ਜੋ ਆਪਣੇ ਆਪ ਵਿੱਚ ਪ੍ਰੇਰਣਾਤਮਕ ਦੀ ਬਜਾਇ ਆਦੇਸ਼ਾਤਮਕ ਹੈ, ਅਤੇ ਇੱਥੇ ਇਹ 'ਅਤੇ ਤਗੀਦ' ਨਾਲ ਜੁੜਿਆ ਹੋਇਆ ਹੈ . . . ਜੋ ਇੱਕ ਪ੍ਰੇਰਕ ਟਿੱਪਣੀ ਨੂੰ ਪੇਸ਼ ਕਰਦਾ ਹੈ।"[14]

ਇੰਝ ਪ੍ਰਤੀਕ ਹੁੰਦਾ ਹੈ ਕਿ ਭਾਵੇਂ ਪੌਲੁਸ ਇਨ੍ਹਾਂ ਲੋਕਾਂ ਜੇਕਰ ਜ਼ਰੂਰੀ ਹੋਵੇ ਤਾਂ ਕੱਢਣ ਦੇ ਲਈ ਤਿਆਰ ਸੀ, ਪਰ ਉਸ ਦੀ ਅਸਲੀ ਇੱਛਾ ਉਨ੍ਹਾਂ ਨੂੰ ਬਹਾਲ ਕਰਨਾ ਸੀ। ਉਸ ਨੇ ਇਹ ਹੁਕਮ ਅਤੇ ਤਗੀਦ **ਪ੍ਰਭੁ ਯਿਸੂ ਵਿੱਚ** ਹੋ ਕੇ ਜਾਂ ਮਸੀਹ ਦੀਆਂ ਸਿੱਖਿਆਵਾਂ ਦੇ ਪ੍ਰਸੰਗ ਵਿੱਚ (ਆਇਤ 4 ਦੀ ਚਰਚ ਵੇਖੋ) ਅਤੇ ਉਸ ਦੇ ਅਧਿਕਾਰ ਦੇ ਰਾਹੀਂ ਕੀਤੇ ਸਨ। ਪੌਲੁਸ ਉਨ੍ਹਾਂ ਨੂੰ ਜਿਹੜੀ ਵਿਸ਼ੇਸ਼ ਗੱਲ ਦੀ ਤਗੀਦ ਕਰ ਰਿਹਾ ਸੀ ਉਹ ਸੀ ਕਿ **ਚੁੱਪ ਚਾਪ ਕੰਮ ਧੰਦਾ ਕਰ**, ਜਾਂ "ਸ਼ਾਂਤੀਪੂਰਵਕ ਢੰਗ ਦੇ ਨਾਲ ਆਪਣਾ ਕੰਮ ਧੰਦਾ ਕਰੋ" (RSV)। ਉਨ੍ਹਾਂ ਨੂੰ "ਛੇਤੀ ਨਾਲ ਡੋਲਣਾ" ਨਹੀਂ ਚਾਹੀਦਾ ਹੈ (2:2), ਪਰ ਚੁੱਪ ਚਾਪ ਅਤੇ ਸ਼ਾਂਤ ਰਹਿਣਾ ਚਾਹੀਦਾ ਹੈ (1 ਥੱਸਲੁਨੀਕੀਆਂ 4:11 ਨਾਲ ਤੁਲਨਾ ਕਰੋ), ਅਤੇ **ਆਪਣੀ ਰੋਟੀ ਖਾਇਆ ਕਰਨ** ਇਸ ਦੀ ਬਜਾਇ ਕਿ ਦੂਜਿਆਂ ਤੋਂ ਆਸ ਰੱਖਣ ਕਿ ਉਹ ਉਨ੍ਹਾਂ ਲਈ ਭੋਜਨ ਮੁਹੱਇਆ ਕਰਵਾਉਣ।

**ਆਇਤ 13.** ਜਦਕਿ ਪਿਛਲੀ ਆਇਤ ਆਲਸੀ ਲੋਕਾਂ ਨੂੰ ਜੋ ਘੱਟ ਗਿਣਤੀ ਦੇ ਲੋਕ ਸਨ ਨਿਰਦੇਸ਼ਿਤ ਕੀਤੀ ਗਈ ਸੀ, ਪਰ ਇਹ ਆਇਤ ਆਗਿਆਕਾਰੀ ਬਹੁਮਤ ਦੇ ਨਾਲ ਦੁਬਾਰਾ ਗੱਲ ਕਰਨ ਲਈ ਮੁੜੀ। ਇੱਕ ਵਾਰ ਫਿਰ, ਪੌਲੁਸ ਨੇ ਉਨ੍ਹਾਂ ਨੂੰ **ਭਰਾਵੋ** ਦੇ ਰੂਪ ਵਿੱਚ ਸੰਬੋਧਤ ਕੀਤਾ ਸੀ। ਹੁਣ ਉਹ ਕਹਿ ਰਿਹਾ ਸੀ ਕਿ ਅਣਆਗਿਆਕਾਰੀ ਘੱਟ ਗਿਣਤੀ ਦੇ ਲੋਕ ਭਾਵੇਂ ਕੁਝ ਵੀ ਕਰਨ, ਪਰ ਆਗਿਆਕਾਰੀ ਭਾਈਆਂ ਨੂੰ ਨਿਰਾਸ਼ ਹੋਣ ਦੀ ਅਤੇ ਪਿੱਛੇ ਹੱਟਣ ਦੀ ਕੋਈ ਲੋੜ ਨਹੀਂ ਹੈ। ਉਨ੍ਹਾਂ ਦਾ ਫਰਜ ਸਪੱਸ਼ਟ ਸੀ: **ਭਲਿਆਈ ਕਰਦਿਆਂ ਹੌਂਸਲਾ ਨਾ ਹਾਰੋ** (ਗਲਾਤੀਆਂ 6:9 ਨਾਲ ਤੁਲਨਾ ਕਰੋ)। "ਹੌਂਸਲਾ ਨਾ ਹਾਰੋ" ἐγκακέω (*ਏਗਕਾਕੇਓ*) ਤੋਂ ਹੈ। "ਦ੍ਰਿੜ ਰਹਿਣ ਵਿੱਚ ਅਸਫਲ ਹੋਣ ਦੇ ਖਤਰੇ ਨੂੰ ਧਿਆਨ ਵਿੱਚ ਰੱਖਦੇ ਹੋਏ," ਪੌਲੁਸ ਨੇ ਇਹ ਤਗੀਦ ਕੀਤੀ।[15]

ਸੱਚੇ ਮਸੀਹੀ ਕਲੀਸਿਯਾਈ ਮੁਸ਼ਕਲਾਂ, ਪਰਿਵਾਰਿਕ ਮੁਸੀਬਤਾਂ, ਜਾਂ ਹੋਰ ਕਿਸੇ ਵੀ ਆਫ਼ਤ ਦੇ ਕਾਰਣ ਨਿਰਾਸ਼ ਨਹੀਂ ਹੋਣਗੇ ਕਿਉਂਕਿ ਇਹ "ਉਚਿਤ" ਹੈ ਕਿ ਅਸੀਂ ਉਸ ਦੇ ਪ੍ਰਤਿ ਨਿਰੰਤਰ ਵਿਸ਼ਵਾਸਯੋਗ ਰਹੀਏ ਜੋ ਸਾਡੇ ਲਈ ਮਰਿਆ ਸੀ। ਹੋਰ ਵੀ ਵਿਸ਼ੇਸ਼ ਤੌਰ ਨਾਲ, ਸਾਨੂੰ ਆਪਣੇ ਧਰਮ ਦੇ ਕੰਮਾਂ ਤੋਂ, ਜਾਂ ਜੋ ਸਹੀ ਹੈ ਉਸ ਨੂੰ ਕਰਨ ਤੋਂ, ਸਿਰਫ ਇਸ ਲਈ ਨਿਰਾਸ਼ ਨਹੀਂ ਹੋਣਾ ਚਾਹੀਦਾ ਹੈ ਕਿ ਕੁਝ ਲੋਕ ਉਸ ਦਾ ਫਾਇਦਾ ਚੁੱਕਦੇ ਹਨ, ਜਿਵੇਂ ਕਿ ਥੱਸਲੁਨੀਕੇ ਵਿੱਚ ਕੁਝ ਲੋਕਾਂ ਨੇ ਕੀਤਾ ਸੀ। ਭਾਸ਼ਾ ਦੀ ਪ੍ਰਕ੍ਰਿਤੀ ਇਸ ਗੱਲ ਨੂੰ ਦਰਸਾਉਂਦੀ ਹੈ ਕਿ ਉਹ

ਭਲਾ ਕਰਦਿਆਂ-ਕਰਦਿਆਂ ਅਜੇ ਤਕ ਥੱਕੇ ਨਹੀਂ ਸਨ, ਪਰ ਉਸ ਨੂੰ ਉਮੀਦ ਸੀ ਕਿ ਭਵਿੱਖ ਵਿੱਚ ਉਹ ਅਜਿਹਾ ਕਰ ਸਕਦੇ ਸਨ। ਇਸ ਲਈ, ਉਸ ਦਾ ਉਪਦੇਸ਼ ਕਿਰਿਆਸ਼ੀਲ ਤੋਂ ਵੱਧ ਕੇ ਪ੍ਰਤਿਕਿਰਿਆਸ਼ੀਲ ਵਾਲਾ ਸੀ।

**ਆਇਤ 14.** ਫਿਰ ਵੀ ਆਗਿਆਕਾਰੀ ਬਹੁਮਤ ਨਾਲ ਬੋਲਦੇ ਹੋਏ, ਉਸ ਨੇ ਅਣਆਗਿਆਕਾਰ ਘੱਟ ਗਿਣਤੀ ਵਾਲੇ ਆਪਣੇ ਹਿੱਸੇ ਤੇ ਕਾਰਵਾਈ ਦਾ ਹੁਕਮ ਦਿੱਤਾ, ਖਾਸ ਤੌਰ ਤੇ, **ਜੋ ਕੋਈ** [ਜਿਹੜਾ] **ਇਸ ਪੱਤ੍ਰੀ ਵਿੱਚ ਲਿਖੇ ਹੋਏ ਸਾਡੇ** [ਉਸ ਦੇ] **ਬਚਨ ਨੂੰ ਨਾ ਮੰਨੇ**। ਉਸ ਨੇ ਆਲਸੀ ਦੀ ਗੱਲ ਕੀਤੀ ਸੀ ਜਿਸ ਨੂੰ ਕੰਮ ਤੇ ਵਾਪਸ ਜਾਣ ਦੇ ਲਈ ਉੱਪਰ ਸਪੱਸ਼ਟ ਰਸੂਲੀ ਹੁਕਮ ਮਿਲਿਆ ਹੋਇਆ ਸੀ, ਪਰ ਉਸ ਨੇ ਹੁਣ ਤਕ ਵੀ ਅਜਿਹਾ ਕਰਨ ਤੋਂ ਇਨਕਾਰ ਕੀਤਾ ਸੀ। ਇਸ ਅੰਤਿਮ ਇਨਕਾਰ ਸ਼ਾਇਦ ਉਸ ਸਮੇਂ ਹੋ ਗਿਆ ਸੀ ਜਦੋਂ ਪੱਤ੍ਰੀ ਪਹੁੰਚਦਿਆਂ ਹੀ ਕਲੀਸਿਯਾ ਦੇ ਸਾਹਮਣੇ ਪੜ੍ਹੀ ਗਈ ਸੀ। ਜਿਵੇਂ ਕਿ ਪਹਿਲਾਂ ਵੇਖਿਆ ਗਿਆ ਸੀ, ਪੌਲੁਸ ਨੇ ਉਨ੍ਹਾਂ ਦੇ ਕੋਲ ਰਹਿਣ ਦੇ ਸਮੇਂ ਉਨ੍ਹਾਂ ਨੂੰ ਸਿਖਾਇਆ ਸੀ (ਆਇਤ 10)। ਉਸ ਨੇ ਆਪਣੀ ਪਹਿਲੀ ਪੱਤ੍ਰੀ ਦੇ ਵਿੱਚ ਇਸ ਦੇ ਬਾਰੇ ਲਿਖਿਆ ਸੀ (1 ਥੱਸਲੁਨੀਕੀਆਂ 4:11, 12; 5:14), ਅਤੇ ਹੁਣ ਫਿਰ ਤੋਂ ਉਸ ਨੇ ਇਸ ਦੇ ਵਿਸ਼ੇ ਵਿੱਚ ਸਪੱਸ਼ਟ ਰੂਪ ਵਿੱਚ ਲਿਖਿਆ (ਆਇਤਾਂ 6–12)।

ਇਸ ਲਈ, ਜੇਕਰ ਘੱਟ ਗਿਣਤੀ ਦੇ ਲੋਕਾਂ ਨੇ ਇਸ ਵਾਰ ਨਾ ਮੰਨਿਆ, ਤਾਂ ਕਲੀਸਿਯਾ ਨੂੰ ਮਾਮਲੇ ਤੇ ਕਾਰਵਾਈ ਕਰਨੀ ਸੀ ਅਤੇ ਇਸ ਕਿਸਮ ਦੇ ਕਿਸੇ ਵਿਅਕਤੀ ਦਾ **ਧਿਆਨ ਰੱਖਣਾ** ਸੀ। ਵਾਕ "ਧਿਆਨ ਰੱਖਣਾ" ਯੂਨਾਨੀ ਕਿਰਿਆ σημειόω (*ਸੇਮੇਈਓ*) ਤੋਂ ਹੈ, ਜਿਸ ਦਾ ਅਰਥ ਹੈ "ਨਿਸ਼ਾਨ ਲਗਾਉਣਾ" ਜਾਂ "ਉਸ ਮਨੁੱਖ ਤੇ ਟੈਗ ਲਗਾਉਣਾ।"[16] ਕਿਸੇ ਤੇ "ਧਿਆਨ ਦੇਣ" ਦਾ ਸਧਾਰਣ ਅਰਥ "ਉਸ ਨੂੰ ਵੇਖਣਾ" ਹੀ ਨਹੀਂ ਸੀ, ਪਰ ਇਸ ਦਾ ਅਰਥ "ਦੋਸ਼ੀ ਠਹਿਰਾਉਣ ਦੇ ਲਈ ਨਿਸ਼ਾਨ ਲਗਾਉਣਾ" ਸੀ।[17] ਅਸਲ ਵਿੱਚ, ਪੌਲੁਸ ਨੇ ਉਨ੍ਹਾਂ ਨੂੰ ਹੁਕਮ ਦਿੱਤਾ ਸੀ ਕਿ ਉਸ ਦੀ **ਸੰਗਤ ਨਾ ਕਰੋ**, ਜਾਂ ਉਸ ਦੇ ਨਾਲ ਕੋਈ ਵੀ "ਮੇਲਮਿਲਾਪ ਨਾ ਰੱਖੋ" (KJV)।

ਉਸ ਕੇਸ ਵਿੱਚ ਜੋ 1 ਕੁਰਿੰਥੀਆਂ 5 ਵਿੱਚ ਸੀ, ਪੌਲੁਸ ਨੇ ਖਾਸ ਤੌਰ ਤੇ ਕਿਹਾ ਸੀ ਕਿ ਅਜਿਹੇ ਲੋਕਾਂ ਦੇ ਨਾਲ "ਸੰਗਤ ਨਾ ਕਰਨਾ" ਜਿਸ ਵਿੱਚ ਅਜਿਹੇ ਲੋਕਾਂ ਦੇ ਨਾਲ ਭੋਜਨ ਵੀ ਨਾ ਕਰਨਾ ਸ਼ਾਮਲ ਹੈ (1 ਕੁਰਿੰਥੀਆਂ 5:11)। ਉਨ੍ਹਾਂ ਨੂੰ ਉਨ੍ਹਾਂ ਲੋਕਾਂ ਤੋਂ "ਨਿਆਰੇ" ਕੀਤਾ ਜਾਣਾ ਸੀ (2 ਥੱਸਲੁਨੀਕੀਆਂ 3:6; KJV)। ਇਹ ਸਮਾਜਿਕ ਸੰਪਰਕ ਦੇ ਇੱਕ ਨਿਆਰੇ ਕੀਤੇ ਜਾਣ ਦੇ ਬਰਾਬਰ ਹੈ ਤਾਂ ਕਿ ਵਿਅਕਤੀ ਆਪਣੇ ਵਿਵਹਾਰ ਦੀ ਅਸਹਿਮਤੀ ਨੂੰ ਸਮਝ ਸਕੇ ਅਤੇ ਇਸ ਗੱਲ ਨੂੰ ਜਾਣੇ ਕਿ ਚਰਚ ਅਜਿਹੇ ਵਿਵਹਾਰ ਦੇ ਲੋਕਾਂ ਨੂੰ "ਆਪਣੇ ਪੱਖ ਵਿੱਚ" ਆਪਣੇ ਮੈਂਬਰ ਨਹੀਂ ਸਮਝਦਾ ਹੈ। ਸਮਾਜਿਕ ਸੰਪਰਕ ਤੋਂ ਵੱਖਰਾ ਕੀਤਾ ਜਾਣ ਦਾ ਉਦੇਸ਼ ਸੀ **ਭਈ ਉਹ ਲੱਜਿਆਵਾਨ** [ਹੋਵੇਗਾ] **ਹੋਵੇ**। ਹੋ ਸਕਦਾ ਹੈ ਕਿ ਕਈ ਕਈ ਵਾਰ ਅਸੀਂ ਬਹੁਤ ਹੀ ਜ਼ਿਆਦਾ ਦਬਾਅ ਪਾ ਦੇਈਏ, ਪਰ ਇੱਥੇ ਇੱਕ "ਕੁਲੀਨ ਸਾਥੀਆਂ ਵੱਲੋਂ ਪਾਇਆ ਗਿਆ ਦਬਾਅ" ਨਾ ਦੀ ਇੱਕ ਚੀਜ਼ ਹੈ। ਉਹੀ ਹੈ ਜਿਸ ਦੀ ਪੌਲੁਸ ਨੇ ਇੱਥੇ ਸਿਫਾਰਸ਼ ਕੀਤੀ ਹੈ। ਉਸ ਦੀ ਆਸ ਸੀ ਕਿ ਉਹ ਵਿਅਕਤੀ ਮਸੀਹੀ ਲੋਕਾਂ ਦੇ ਨਾਲ ਆਪਣੀ ਸੰਗਤੀ ਨੂੰ ਇੰਨਾ ਯਾਦ ਕਰੇਗਾ ਕਿ ਉਸ ਦੇ ਖੁਸ ਜਾਣ ਦੇ ਕਾਰਣ ਉਹ ਆਪਣੇ ਕੰਮਾਂ ਦਾ ਮੁਲਾਂਕਣ ਕਰੇਗਾ ਅਤੇ ਆਪਣੇ ਪ੍ਰਭੂ ਦੇ ਕੋਲ ਵਾਪਸ ਮੁੜ ਆਵੇਗਾ (ਵੇਖੋ 1 ਕੁਰਿੰਥੀਆਂ 5:5)। ਪਰ, ਜੇਕਰ ਉਹ ਵਿਅਕਤੀ ਤੋਬਾ ਕਰਨ ਅਤੇ ਮੁੜਣ ਨੂੰ ਵੀ ਨਾ ਚੁਣੇ, ਤਾਂ ਇੱਕ ਹੋਰ ਬਹੁਤ ਹੀ ਮਹੱਤਵਪੂਰਣ ਉਦੇਸ਼ ਹੈ:

ਕਲੀਸਿਯਾ ਦੀ ਸ਼ੁੱਧਤਾ ਨੂੰ ਕਾਇਮ ਰੱਖਣਾ (1 ਕੁਰਿੰਥੀਆਂ 5:6 ਦੇ ਨਾਲ ਤੁਲਨਾ ਕਰੋ)।

**ਆਇਤ 15.** ਅਨੁਸ਼ਾਸਿਤ ਕੀਤੇ ਜਾਣ ਵਾਲੇ ਕਿਸੇ ਇੱਕ ਵਿਅਕਤੀ ਦੇ ਵਿਸ਼ੇ ਵਿੱਚ, ਪੌਲੁਸ ਨੇ ਕਿਹਾ ਕਿ **ਉਹ ਨੂੰ ਵੈਰੀ ਕਰਕੇ ਨਾ ਜਾਣੋ**; ਉਨ੍ਹਾਂ ਨੂੰ ਇਹ ਨਹੀਂ ਚਾਹੀਦਾ ਕਿ ਉਸ ਨੂੰ ਹਾਨੀ ਪਹੁਚਾਉਣ ਦੇ ਲਈ ਆਪਣੀ ਪੂਰੀ ਪੂਰੀ ਕੋਸ਼ਿਸ਼ ਕਰਨ, ਜਿਵੇਂ ਸੰਸਾਰ ਆਪਣੇ "ਵੈਰੀ" ਦੇ ਨਾਲ ਕਰਦਾ ਹੈ। ਇਸ ਦੀ ਬਜਾਇ, **ਉਹ ਨੂੰ ਭਰਾ ਕਰਕੇ ਸਮਝਾਓ।** ਮਾਰਸ਼ਲ ਨੇ ਕਿਹਾ ਕਿ "ਵੈਰੀ" ਜੋ ἐχθρός (*ਏਕਥ੍ਰੋਸ*) "ਤੋਂ ਆਇਆ ਹੈ, ਜੋ ਅਸਪੱਸ਼ਟ ਹੈ, ਕਿਉਂਕਿ ਇਸ ਦਾ ਅਰਥ ਇੱਕ ਅਜਿਹਾ ਵਿਅਕਤੀ ਵੀ ਹੋ ਸਕਦਾ ਹੈ ਜਿਸ ਦੇ ਨਾਲ ਮੈਂ ਵੈਰੀ ਵਰਗਾ ਵਿਵਹਾਰ ਕਰਦਾ ਹਾਂ ਅਤੇ/ਜਾਂ ਇੱਕ ਅਜਿਹਾ ਵਿਅਕਤੀ ਜੋ ਮੇਰੇ ਨਾਲ ਇੱਕ ਵੈਰੀ ਵਰਗਾ ਵਿਵਹਾਰ ਕਰਦਾ ਹੋਵੇ। ਇਸ ਗੱਲ ਦੀ ਜ਼ਿਆਦਾ ਸੰਭਾਵਨਾ ਹੈ ਕਿ ਦੂਸਰਾ ਅਰਥ ਇੱਥੇ ਵਧੇਰੇ ਅਰਥਪੂਰਣ ਹੈ।"[18]

ਉਹ ਤਾਂ ਵੀ ਇਕ "ਭਾਈ" ਸੀ ਕਿਉਂਕਿ ਉਸ ਨੇ ਮਸੀਹ ਵਿੱਚ ਹੋ ਕੇ ਬਪਤਿਸਮਾ ਦਿੱਤਾ ਗਿਆ ਸੀ (ਰੋਮੀਆਂ 6:1–4), ਪਰ ਉਹ ਇੱਕ ਗਲਤੀ ਕਰਨ ਵਾਲਾ ਭਾਈ ਸੀ ਜਿਸ ਨੇ ਆਪਣੇ ਮੁਕਤੀਦਾਤੇ ਦੇ ਹੁਕਮਾਂ ਦੀ ਪਾਲਣਾ ਕਰਨਾ ਛੱਡ ਦਿੱਤਾ ਸੀ, ਜੋ ਰਸੂਲਾਂ ਦੇ ਰਾਹੀਂ ਦਿੱਤੇ ਗਏ ਸਨ (ਆਇਤਾਂ 6, 14; 1 ਕੁਰਿੰਥੀਆਂ 14:37)। ਉਸ ਨੂੰ ਅਗਾਂਹ ਤੋਂ ਅੰਤਿਮ ਮੁਕਤੀ ਦਾ ਭਰੋਸਾ ਨਹੀਂ ਸੀ (ਇਬਰਾਨੀਆਂ 5:8, 9)। ਇਸੇ ਲਈ ਜੋ ਆਗਿਆਕਾਰੀ ਵਿੱਚ ਜੀਉਣ ਦੀ ਕੋਸ਼ਿਸ਼ ਕਰ ਰਹੇ ਸਨ ਉਨ੍ਹਾਂ ਲੋਕਾਂ ਨੂੰ ਤਾਗੀਦ ਕੀਤੀ ਗਈ ਸੀ ਕਿ "ਉਹ ਨੂੰ ਭਰਾ ਕਰਕੇ ਸਮਝਾਓ।" ਪਰਮੇਸ਼ੁਰ ਨੂੰ "ਠੱਠਿਆਂ ਵਿੱਚ ਨਹੀਂ ਉਡਾਈਦਾ"; ਉਹ ਅਣਆਗਿਆਕਾਰੀਆਂ ਨੂੰ ਨਹੀਂ ਬਚਾਵੇਗਾ (ਗਲਾਤੀਆਂ 6:7, 8)।

ਇੱਕ ਵਿਵਹਾਰਿਕ ਦ੍ਰਿਸ਼ਟੀਕੋਣ ਤੋਂ ਇਸ ਮਾਮਲੇ ਨੂੰ ਵੇਖਦੇ ਹੋਏ, ਇਹ ਸਮਝਣਾ ਆਸਾਨ ਹੈ ਕਿ ਘੱਟ ਗਿਣਤੀ ਆਲਸੀ ਵਰਗ ਦੇ ਵੱਲ ਬਹੁਗਿਣਤੀ ਦੀ ਦੁਸ਼ਮਣੀ ਦੀ ਭਾਵਨਾ ਕਿਉਂ ਪੈਦਾ ਹੋ ਸਕਦੀ ਹੈ। ਅਜਿਹਾ ਵਿਵਹਾਰ ਬਾਹਰਲਿਆਂ ਲੋਕਾਂ ਦੇ ਸਾਹਮਣੇ ਚਰਚ ਦੀ ਬਦਨਾਮੀ ਕਰਦਾ ਹੈ (1 ਥੱਸਲੁਨੀਕੀਆਂ 4:11, 12 ਦੇ ਨਾਲ ਤੁਲਨਾ ਕਰੋ)। ਪੌਲੁਸ ਨੇ ਬਹੁਮਤ ਨੂੰ ਚੇਤਾਵਨੀ ਦਿੱਤੀ ਹੈ ਕਿ ਉਨ੍ਹਾਂ ਦੇ ਨਾਲ ਉਹੋ ਜਿਹਾ ਅਲੋਚਨਾ ਅਤੇ ਨਫ਼ਰਤ ਵਾਲਾ ਵਿਵਹਾਰ ਨਾ ਕਰੋ ਜਿਵੇਂ ਸੰਸਾਰ ਇੱਕ "ਦੁਸ਼ਮਣ" ਦੇ ਨਾਲ ਕਰਦਾ ਹੈ। ਉਨ੍ਹਾਂ ਨੇ ਮੁੱਦੇ ਦਾ ਸਾਹਮਣਾ ਕਰਨਾ ਪੈਣਾ ਸੀ ਅਤੇ, ਜਿਵੇਂ ਪੌਲੁਸ ਨੇ ਕਿਸੇ ਹੋਰ ਸਥਾਨ ਤੇ ਕਿਹਾ ਸੀ (ਗਲਾਤੀਆਂ 6:1), "ਨਿਮਰਤਾ ਦੀ ਇੱਕ ਭਾਵਨਾ ਨਾਲ" ਉਨ੍ਹਾਂ ਨੂੰ ਬਹਾਲ ਕਰਨ ਦੀ ਕੋਸ਼ਿਸ਼ ਕਰੋ।"

ਪਰ, ਜੇਕਰ ਭਾਈ ਪਛਚਾਤਾਪ ਨਹੀਂ ਕਰਦਾ ਸੀ, ਤਾਂ ਇਹ ਸਪੱਸ਼ਟ ਹੈ ਕਿ ਪੌਲੁਸ ਚਾਹੁੰਦਾ ਸੀ ਕਿ "ਆਲਸੀ ਦਾ ਚਾਲ ਚਲਣ ਦੀ . . . ਵਿਸ਼ਵਾਸਯੋਗ ਮਸੀਹੀਆਂ ਦੇ ਦੁਆਰਾ ਸਾਫ਼ ਸ਼ਬਦਾਂ ਵਿੱਚ ਨਿਖੇਧੀ ਕੀਤੀ ਜਾਵੇ।"[19] ਪੌਲੁਸ ਇਹ ਨਹੀਂ ਚਾਹੁੰਦਾ ਸੀ ਕਿ ਲੋਕ ਇਹ ਵਿਸ਼ਵਾਸ ਕਰਨ ਕਿ ਅਜਿਹਾ ਵਿਵਹਾਰ ਮਸੀਹੀਆਂ ਨੂੰ ਗ੍ਰਹਿਣਯੋਗ ਸੀ। ਇਹ ਕਿਰਿਆ ਅਨੁਸ਼ਾਸਨ ਦੀ ਉਹੀ ਕਿਸਮ ਹੈ ਜਿਸ ਦੇ ਬਾਰੇ ਕਿਸੇ ਹੋਰ ਸਥਾਨ ਤੇ ਕਿਹਾ ਗਿਆ ਸੀ। ਇਸ ਦਾ ਉਦੇਸ਼ ਅਪਰਾਧੀ ਨੂੰ ਬਚਾਉਣਾ ਅਤੇ ਚਰਚ ਨੂੰ ਸ਼ੁੱਧ ਰੱਖਣਾ ਸੀ (1 ਕੁਰਿੰਥੀਆਂ 5:5, 6)। ਇਸ ਵਿੱਚ ਇਸ ਪ੍ਰਭਾਵ ਦਾ ਇੱਕ ਜਨਤਕ ਐਲਾਨ ਸ਼ਾਮਲ ਹੈ ਕਿ ਅਜਿਹਾ ਵਿਵਹਾਰ ਗ੍ਰਹਿਣਯੋਗ ਨਹੀਂ ਹੈ (1 ਕੁਰਿੰਥੀਆਂ 5:4)। ਇੱਥੇ ਇੱਕ ਨਿਰਦਈ ਨਿਆਂ ਹੈ ਕਿ ਮਸੀਹੀਆਂ ਨੂੰ ਹੁਕਮ ਹੈ ਕਿ ਪਰੇ ਰਹਿਣ (ਮੱਤੀ 7:1), ਪਰ ਇਹ ਇੱਕ ਨਿਰਣਾ ਹੈ ਜੋ ਪਿਆਰ ਦੇ ਨਾਲ ਇਕਸਾਰ ਹੈ ਅਤੇ ਇਸ ਨੂੰ ਮਸੀਹੀਆਂ ਦੇ ਦੁਆਰਾ ਲਾਗੂ ਕਰਨਾ ਉਚਿਤ ਹੈ (ਯੂਹੰਨਾ 7:24;

1 ਕੁਰਿੰਥੀਆਂ 5:12)।

ਇਹ ਮਸੀਹੀ ਅਨੁਸ਼ਾਸਨ, ਭਾਵੇਂ ਦ੍ਰਿੜ ਅਤੇ ਸਿੱਧਾ ਹੈ, ਪਰ ਇਹ ਰੋਮਨ ਕੈਥੋਲਿਕ ਲੋਕਾਂ ਦੇ ਵਾਂਗ "ਜਾਤੀ ਵਿੱਚੋਂ ਬਾਹਰ ਕੱਢ" ਦੇਣ ਦੇ ਸਮਾਨ ਨਹੀਂ ਹੈ, ਜੋ ਸਿਰਫ ਝਿੜਕਣਾ ਹੀ ਨਹੀਂ ਹੈ, ਪਰ, ਅਸਲ ਵਿੱਚ, ਇਹ ਇੱਕ ਕਸੂਤੇ ਵਿਅਕਤੀ ਦੇ ਨਾਲ ਇੱਕ ਦੁਸ਼ਮਣ ਵਰਗਾ ਵਿਵਹਾਰ ਕਰਨਾ ਹੈ। ਇਹ ਨਿਸ਼ਚਤ ਤੌਰ ਤੇ ਇੱਕ ਮਸੀਹੀ ਸਿਧਾਂਤ ਨਹੀਂ ਹੈ, ਕਿਉਂਕਿ ਮਸੀਹੀ ਤਾਂ ਆਪਣੇ ਦੁਸ਼ਮਣ ਨੂੰ ਵੀ ਖਵਾਉਣਾ ਸੀ (ਰੋਮੀਆਂ 12:20)। ਅਨੁਸ਼ਾਸਨ ਦਾ ਇਸ ਪ੍ਰਕਾਰ ਦਾ ਦੁਰਪ੍ਰਯੋਗ ਕਿਸੇ ਨੂੰ ਵੀ ਇਸ ਦਾ ਸਹੀ ਉਪਯੋਗ ਨਾ ਕਰਨ ਦੇ ਲਈ ਸਹੀ ਨਹੀਂ ਠਹਿਰਾਉਂਦਾ ਹੈ। ਸਹੀ ਉਪਯੋਗ ਵਿੱਚ ਕੜਾਈ ਸ਼ਾਮਲ ਹੈ ਜਿਵੇਂ ਇਹ ਸ਼ਬਦ "ਚੇਤਾਵਨੀ ਦੇਣਾ," ਜਾਂ "ਖਬਰਦਾਰ ਕਰਨਾ" ਵੇਖਿਆ ਜਾਂਦਾ ਹੈ (NIV), ਪਰ ਇਸ ਵਿੱਚ ਵੀ ਚਿੰਤਾ ਦੀਆਂ ਵਿਅਕਤੀਗਤ ਭਾਵਨਾਵਾਂ ਵੀ ਸ਼ਾਮਲ ਸਨ, ਜਿਸ ਦਾ ਸੰਕੇਤ ਸ਼ਬਦ "ਭਾਈ" ਦੇ ਦੁਆਰਾ ਦਿੱਤਾ ਜਾਂਦਾ ਹੈ।

ਇਹ ਬੰਦ ਇਸ ਗੱਲ ਨੂੰ ਵੀ ਦਿਖਾਉਂਦਾ ਹੈ ਕਿ ਅਪਰਾਧੀ ਦੇ ਨਾਲ ਸਮਾਜਿਕ ਸੰਪਰਕ ਤੋਂ ਬਚਣ ਦੇ ਲਈ ਉੱਥੇ ਘੱਟੋ ਘੱਟ ਇੱਕ ਅਪਵਾਦ ਸੀ। ਵਫ਼ਾਦਾਰ ਉਸ ਸਮੇਂ ਤਕ ਉਸ ਦੇ ਨਾਲ ਸੰਪਰਕ ਰੱਖ ਸਕਦੇ ਹਨ ਜਦੋਂ ਤਕ ਉਸ ਦੇ ਨਾਲ "ਉਸ ਨੂੰ ਭਰਾ ਦੇ ਰੂਪ ਵਿੱਚ ਉਪਦੇਸ਼ ਦੇਣ" ਦਾ ਉਦੇਸ਼ ਇਹ ਹੋਵੇ ਕਿ ਉਹ ਤੌਬਾ ਕਰੇ ਅਤੇ ਸਹੀ ਹੋ ਜਾਵੇ।

## ਸਿੱਟਾ (3:16-18)

**16ਹੁਣ ਸ਼ਾਂਤੀ ਦਾਤਾ ਪ੍ਰਭੁ ਆਪ ਤੁਹਾਨੂੰ ਹਰ ਵੇਲੇ ਹਰ ਪਰਕਾਰ ਨਾਲ ਸ਼ਾਂਤੀ ਦੇਵੇ। ਪ੍ਰਭੁ ਤੁਸਾਂ ਸਭਨਾਂ ਦੇ ਅੰਗ ਸੰਗ ਹੋਵੇ।**

**17ਮੇਰਾ ਪੌਲੁਸ ਦਾ ਆਪਣੇ ਹੱਥ ਦਾ ਲਿਖਿਆ ਹੋਇਆ ਸਲਾਮ। ਹਰੇਕ ਪੱਤ੍ਰੀ ਵਿੱਚ ਇਹੋ ਨਿਸ਼ਾਨੀ ਹੈ। ਇਉਂ ਮੈਂ ਲਿਖਦਾ ਹਾਂ। 18ਸਾਡੇ ਪ੍ਰਭੁ ਯਿਸੂ ਮਸੀਹ ਦੀ ਕਿਰਪਾ ਤੁਸਾਂ ਸਭਨਾਂ ਉੱਤੇ ਹੁੰਦੀ ਰਹੇ।**

**ਆਇਤ 16.** ਇਹ ਅਸਲੀ ਪੌਲੁਸ ਦੀ ਪ੍ਰਾਰਥਨਾ ਹੈ ਜੋ ਅਸੀਂ ਪਹਿਲੀ ਪੱਤ੍ਰੀ ਦੇ ਵਿੱਚ ਪਾਉਂਦੇ ਹਾਂ (1 ਥੱਸਲੁਨੀਕੀਆਂ 5:23, 28)। ਇਹ ਇੱਕ ਪ੍ਰਾਰਥਨਾ ਹੈ ਕਿ ਮਸੀਹ, ਜਿਸ ਦੀ ਜ਼ਿਆਦਾ ਸੰਭਾਵਨਾ ਹੈ ਕਿ ਉਹੀ ਹੈ ਜਿਸ ਨੂੰ ਇੱਥੇ **ਸ਼ਾਂਤੀ ਦਾਤਾ ਪ੍ਰਭੁ** ਕਿਹਾ ਗਿਆ ਹੈ, ਉਨ੍ਹਾਂ ਨੂੰ ਬਹੁਤਾਇਤ ਦੇ ਨਾਲ ਸ਼ਾਂਤੀ ਦੇ ਨਾਲ ਬਰਕਤ ਦੇਵੇਗਾ। ਰੋਮੀਆਂ 15:33 ਵਿੱਚ, ਪੌਲੁਸ ਪਿਤਾ ਨੂੰ "ਸ਼ਾਂਤੀ ਦਾਤਾ ਪਰਮੇਸ਼ੁਰ" ਕਹਿੰਦਾ ਹੈ। "ਸ਼ਾਤੀ ਦਾਤਾ ਪ੍ਰਭੂ ਜ਼ਿਆਦਾ ਸਟੀਕ ਹੈ, ਕਿਉਂਕਿ ਉਸ ਨੇ ਸਿਰਫ ਭੇਦ ਅਤੇ ਅਨੁਸ਼ਾਸਨ ਦੀ ਲੋੜ ਦੇ ਨਾਲ ਵਿਵਹਾਰ ਕਰਨਾ ਸੀ (ਆਇਤਾਂ 6–15)। ਇਸ ਲਈ ਉਸ ਨੇ ਸਪੱਸ਼ਟ ਤੌਰ ਤੇ ਉਨ੍ਹਾਂ ਨੂੰ ਯਾਦ ਦਿਵਾਇਆ ਕਿ ਅਜਿਹੇ ਅਨੁਸ਼ਾਸਨ ਦੀ ਲੋੜ ਕਦੋਂ ਹੁੰਦੀ ਹੈ, ਇਹ ਇਸ ਲਈ ਹੁੰਦੀ ਹੈ ਕਿਉਂਕਿ ਦੋਸ਼ੀ ਪਾਰਟੀ ਨੇ "ਸ਼ਾਂਤੀ ਦਾਤਾ ਪ੍ਰਭੁ" ਦੀ ਇੱਛਾ ਦੇ ਵਿਰੁੱਧ ਕੰਮ ਕੀਤਾ ਸੀ। ਦੂਜੇ ਪਾਸੇ, ਇਹ ਸੱਚ ਹੈ ਕਿ ਮਸੀਹ ਦੀ ਸ਼ਾਂਤੀ ਵਿੱਚ ਗੈਰ-ਮਸੀਹੀਆਂ ਦੇ ਨਾਲ ਲੜਾਈ ਨਾ ਹੋਣਾ ਸ਼ਾਮਲ ਹੁੰਦਾ ਹੈ (ਮੱਤੀ 10:34–36)। ਪਰ ਜਦੋਂ ਮਸੀਹੀ ਪਰਮੇਸ਼ੁਰ ਦੇ ਨਾਲ ਸ਼ਾਂਤੀ ਵਿੱਚ ਹਨ (ਫ਼ਿਲਿੱਪੀਆਂ 4:7), ਉਹ ਇੱਕ ਦੂਜੇ ਦੇ ਨਾਲ ਵੀ ਸ਼ਾਂਤੀ ਵਿੱਚ ਹੋਣਗੇ।

ਇਸ ਸ਼ਾਂਤੀ ਦਾ ਸੋਮਾ ਉਹ ਹੈ ਜੋ ਇਸ ਲਈ ਮੋਇਆ ਕਿ ਅਸੀਂ ਸ਼ਾਂਤੀ ਪਰਮੇਸ਼ੁਰ ਅਤੇ

ਮਨੁੱਖ ਦੇ ਵਿਚਕਾਰ ਰਾਜ ਕਰ ਸਕੇ (ਰੋਮੀਆਂ 5:10), ਇਸ ਦੇ ਨਾਲ ਨਾਲ ਮਨੁੱਖ ਤੋਂ ਮਨੁੱਖ ਦੇ ਵਿਚਕਾਰ ਰਾਜ ਕਰ ਸਕੇ (ਅਫ਼ਸੀਆਂ 2:14–16)। ਇਹ **ਆਪ** ਪ੍ਰਭੂ ਹੈ- ਵਿਅਕਤੀਗਤ ਤੌਰ ਤੇ, ਨਾ ਕਿ ਇੱਕ ਨੁਮਾਇੰਦੇ ਦੇ ਦੁਆਰਾ-ਜਿਸ ਨੂੰ ਪੌਲੁਸ ਨੇ ਉਸ ਸਮੇਂ ਤੱਕ ਆਪਣੇ ਵਿਸ਼ਵਾਸ ਵਿੱਚ ਰੱਖਿਆ ਸੀ ਜਦੋਂ ਤਕ ਦਿੱਤੀ ਜਾਣ ਵਾਲੀ ਸ਼ਾਂਤੀ ਦਾ ਸੰਬੰਧ ਸੀ। ਉਸ ਨੇ ਪ੍ਰਾਰਥਨਾ ਕੀਤੀ ਕਿ ਨਾ ਸਿਰਫ ਕੁਝ ਉੱਚੇ ਪੱਧਰਾਂ ਦੇ ਉੱਤੇ ਹੀ, ਸਗੋਂ ਉਹ **ਹਰ ਵੇਲੇ** ਅਤੇ **ਪਰਕਾਰ ਨਾਲ ਸ਼ਾਂਤੀ** ਨੂੰ ਪ੍ਰਾਪਤ ਕਰਨ। ਉਸ ਨੇ ਇੱਛਾ ਕੀਤੀ ਕਿ ਇਹ ਵੱਡੀ ਮੁਸ਼ਕਲ ਦੇ ਪਲਾਂ ਵਿੱਚ ਵੀ ਹੋਵੇ ਕਿਉਂਕਿ ਪਰਮੇਸ਼ੁਰ ਦੀ ਸ਼ਾਂਤੀ ਭਿਆਨਕ ਤੁਫ਼ਾਨਾਂ ਨੂੰ ਵੀ ਸਹਿ ਸਕਦੀ ਹੈ। ਪੌਲੁਸ ਨੇ ਪਰਮੇਸ਼ੁਰ ਦੇ ਕੋਲੋਂ ਸ਼ਾਂਤੀ ਦੀ ਪ੍ਰਾਰਥਨਾ ਨੂੰ ਬੰਦ ਨਹੀਂ ਕੀਤਾ। ਉਸ ਨੇ ਪ੍ਰਾਰਥਨਾ ਕੀਤੀ ਕਿ ਪ੍ਰਭੂ ਆਪ ਉਨ੍ਹਾਂ ਸਭਨਾਂ ਦੇ **ਅੰਗ ਸੰਗ ਹੋਵੇ** (ਮੱਤੀ 18:20; 2 ਕੁਰਿੰਥੀਆਂ 13:11 ਨਾਲ ਤੁਲਨਾ ਕਰੋ)। ਅੱਗੇ, ਉਸ ਨੇ ਉਨ੍ਹਾਂ **ਸਭਨਾਂ** ਦੇ ਲਈ ਪ੍ਰਾਰਥਨਾ ਕੀਤੀ, ਇੱਥੋਂ ਤਕ ਕਿ ਹਾਨੀਕਾਰਕ ਘੱਟ ਗਿਣਤੀ ਵਾਲਿਆਂ ਦੇ ਲਈ ਵੀ। ਬੇਸ਼ੱਕ, ਇਸ ਵਿੱਚ ਇੱਕ ਆਸ਼ਾਵਾਦੀ ਇੱਛਾ ਹੈ ਕਿ ਉਹ ਪਛਚਾਤਾਪ ਕਰਣਗੇ।

**ਆਇਤ 17.** ਪੌਲੁਸ ਨੇ ਇਸ ਬਿੰਦੂ ਦੇ ਨਾਲ ਪੱਤ੍ਰੀ ਨੂੰ ਪੂਰਾ ਕੀਤਾ, ਅਤੇ ਉੱਥੇ ਪਹੁੰਚ ਗਿਆ ਜਿਸ ਨੂੰ ਅਸੀਂ ਦਸਤਖਤ ਕਹਾਂਗੇ। ਪੌਲੁਸ ਦੀਆਂ ਬਹੁਤ ਸਾਰੀਆਂ ਪੱਤ੍ਰੀਆਂ ਇੱਕ ਸ਼ਾਸਤਰੀ ਜਾਂ ਨਿਰਧਾਰਿਤ ਸਕੱਤਰ ਦੇ ਰਾਹੀਂ ਲਿਖੀਆਂ ਗਈਆਂ ਸਨ ਜਿਸ ਦੇ ਕੋਲੋਂ ਪੌਲੁਸ ਪੱਤ੍ਰੀ ਲਿਖਵਾਉਂਦਾ ਹੰਦਾ ਸੀ (ਰੋਮੀਆਂ 16:22)। ਪਰ, ਇੰਝ ਜਾਪਦਾ ਹੈ ਕਿ ਕੁਝ ਪੱਤ੍ਰੀਆਂ, ਜੋ ਅਸਲ ਵਿੱਚ ਉਸ ਦੀਆਂ ਨਹੀਂ ਸਨ, ਇਸ ਤਰ੍ਹਾਂ ਪੇਸ਼ ਕੀਤੀਆਂ ਗਈਆਂ ਸਨ ਜਿਵੇਂ ਉਹ ਪੌਲੁਸ ਦੇ "ਵੱਲੋਂ" ਹੋਣ (2 ਥੱਸਲੁਨੀਕੀਆਂ 2:2)। ਇਸ ਲਈ, ਉਸ ਦੇ ਲਈ ਇਹ ਜ਼ਰੂਰੀ ਹੋ ਗਿਆ ਸੀ ਅੰਤ ਵਿੱਚ ਉਹ **ਆਪਣੇ ਹੱਥ** ਦੇ ਨਾਲ ਕੁਝ ਸ਼ਬਦ ਲਿਖੇ, ਤਾਂ ਕਿ ਉਨ੍ਹਾਂ ਦੇ ਲਈ ਪਹਿਚਾਣ ਦੀ **ਇਹੋ ਨਿਸ਼ਾਨੀ** ਹੋਵੇ ਕਿ ਸੱਚਮੁੱਚ ਇਹ ਪੱਤ੍ਰੀਆਂ ਉਸ ਦੀਆਂ ਸਨ। ਯੂਨਾਨੀ ਵਾਕ ਜਿਸ ਦਾ ਅਨੁਵਾਦ "ਮੇਰਾ ਆਪਣੇ ਹੱਥ ਦਾ" ਕੀਤਾ ਗਿਆ ਹੈ ਉਹ τῇ ἐμῇ χειρὶ Παύλου (*ਤੇਈ ਏਮੀ ਚੇਈਰੀ ਪੌਲੁਊ*) ਹੈ।

ਇਸ ਤੋਂ ਬਾਅਦ ਉਨ੍ਹਾਂ ਨੇ ਹਰ ਪੱਤ੍ਰੀ ਵਿੱਚ ਇਸ "ਨਿਸ਼ਾਨੀ" ਦੀ ਭਾਲ ਕਰਨੀ ਸ਼ੁਰੂ ਕਰ ਦਿੱਤੀ ਸੀ (ਤੁਲਨਾ ਕਰੋ ਗਲਾਤੀਆਂ 6:11; 1 ਕੁਰਿੰਥੀਆਂ 16:21; ਕੁਲੁੱਸੀਆਂ 4:18)। ਉਸ ਨੇ ਆਪਣੀ ਲਿਖਣ ਦੀ ਸ਼ੈਲੀ ਨੂੰ ਹੋਰ ਵੀ ਵਧੀਆ ਰੂਪ ਦੇਣ ਦੇ ਲਈ ਆਇਤ 17 ਅਤੇ 18 ਲਿਖੀ ਸੀ। ਇਸ ਬਿੰਦੂ ਤੋਂ ਅੱਗੇ, ਉਨ੍ਹਾਂ ਨੇ ਉਹੀ ਪੱਤ੍ਰੀਆਂ ਸਵੀਕਾਰ ਕਰਨੀਆਂ ਸਨ ਜਿਨ੍ਹਾਂ ਵਿੱਚ ਪਹਿਚਾਣ ਦੇ ਲਈ ਇਹ ਲਿਖਿਆ ਹੋਇਆ ਪਾਇਆ ਜਾਂਦਾ ਸੀ ਕਿ ਇਹ ਉਹ ਦੀ ਹੈ।

**ਆਇਤ 18.** ਸ਼ਬਦਾਵਲੀ ਲਗਭਗ 1 ਥੱਸਲੁਨੀਕੀਆਂ 5:28 ਦੇ ਨਾਲ ਮਿਲਦੀ-ਜੁਲਦੀ ਹੈ। ਇਹ ਪ੍ਰਾਰਥਨਾ ਦੇ ਵਾਂਗ ਹੈ ਜਿਸ ਦੇ ਨਾਲ ਪੌਲੁਸ ਆਮ ਤੌਰ ਤੇ ਆਪਣੀਆਂ ਪੱਤ੍ਰੀਆਂ ਨੂੰ ਅੰਤਿਮ ਰੂਪ ਦਿੰਦਾ ਸੀ। ਅਸਲ ਵਿੱਚ, 2 ਕੁਰਿੰਥੀਆਂ 13:14 ਵਿੱਚ ਲਿਖਿਆ ਹੈ, "ਪ੍ਰਭੁ ਯਿਸੂ ਮਸੀਹ ਦੀ ਕਿਰਪਾ, ਪਰਮੇਸ਼ੁਰ ਦਾ ਪ੍ਰੇਮ ਅਤੇ ਪਵਿੱਤਰ ਆਤਮਾ ਦੀ ਸੰਗਤ ਤੁਸਾਂ ਸਭਨਾਂ ਦੇ ਨਾਲ ਹੋਵੇ।" ਇਹ ਇੱਕ ਪ੍ਰਾਰਥਨਾ ਸੀ ਕਿ ਥੱਸਲੁਨੀਕੇ ਦੇ ਮਸੀਹੀਆਂ ਨੂੰ ਉਹ ਸਾਰੀਆਂ ਬਰਕਤਾਂ ਪ੍ਰਾਪਤ ਹੋ ਸਕਣ ਜੋ ਮਸੀਹ, ਆਪਣੀ ਅਪਾਰ **ਕਿਰਪਾ** ਦੇ ਰਾਹੀਂ, ਜਾਂ ਅਯੋਗਤਾ ਦੀ ਦਸ਼ਾ ਵਿੱਚ, ਪ੍ਰਦਾਨ ਕਰ ਸਕਦਾ ਹੈ।

# ਪ੍ਰਾਸੰਗਿਕਤਾ

ਇਹ ਅੰਤਿਮ ਅਧਿਆਇ "ਇੱਕ ਚੇਤਾਵਨੀ" ਨੂੰ ਰਚਦਾ ਹੈ। ਇਸ ਵਿੱਚ ਕੁਝ ਵੀ ਨਵਾਂ ਨਹੀਂ ਸੀ। ਪੌਲੁਸ ਕੁਝ ਸੱਚਾਈਆਂ ਦੀ ਫਿਰ ਤੋਂ ਘੋਸ਼ਣਾ ਕਰ ਰਿਹਾ ਸੀ ਜਿਨ੍ਹਾਂ ਦਾ ਜ਼ਿਕਰ ਪੱਤ੍ਰੀ ਦੇ ਪਹਿਲੇ ਭਾਗਾਂ ਜਾਂ ਪਹਿਲੀ ਪੱਤ੍ਰੀ ਵਿੱਚ ਕੀਤਾ ਗਿਆ ਸੀ।

ਜਿਵੇਂ ਪੌਲੁਸ ਦੀਆਂ ਪੱਤ੍ਰੀਆਂ ਦੀ ਵਿਸ਼ੇਸ਼ਤਾ ਸੀ, ਪੱਤ੍ਰੀ ਦਾ ਇਹ ਬਾਅਦ ਦਾ ਹਿੱਸਾ ਵਿਵਹਾਰਿਕ ਭਾਗ ਹੈ। "ਅੰਤ ਵਿੱਚ" ਜਦੋਂ ਇਹ ਵੰਡ ਸ਼ੁਰੂ ਹੁੰਦੀ ਹੈ ਤਾਂ ਪਤਾ ਲੱਗਦਾ ਹੈ ਕਿ ਲਿਖਣ ਦਾ ਮੁੱਖ ਕਾਰਣ ਪ੍ਰਸਤੁਤ ਕੀਤਾ ਗਿਆ ਹੈ ਅਤੇ ਪੱਤ੍ਰੀ ਦਾ ਬਾਕੀ ਹਿੱਸਾ ਵਿਵਹਾਰਿਕ ਚੀਜ਼ਾਂ ਨੂੰ ਸਮਰਪਿਤ ਕੀਤਾ ਗਿਆ ਹੈ ਜੋ ਦਿੱਤੇ ਗਏ ਤਰਕ ਦਾ ਸਿੱਟਾ ਹਨ। "ਅੰਤ ਵਿੱਚ" "ਬਾਕੀ" ਦਾ ਵਿਚਾਰ ਹੈ।

### "ਜਦੋਂ ਤੁਸੀਂ ਪ੍ਰਾਰਥਨਾ ਕਰੋ" (3:1, 2)

ਆਇਤ 1 ਵਿੱਚ ਪੌਲੁਸ ਦੀ ਪ੍ਰਾਰਥਨਾ ਕਰਨ ਲਈ ਬੇਨਤੀ ਵਰਤਮਾਨ ਕਾਲ ਵਿੱਚ ਸੀ। ਇਸ ਦਾ ਅਰਥ ਹੋ ਕਿ ਪੌਲੁਸ ਨੇ ਸੁਣਿਆ ਸੀ ਕਿ ਥੱਸਲੁਨੀਕੇ ਦੇ ਮਸੀਹੀ ਉਸ ਦੇ ਲਈ ਪ੍ਰਾਰਥਨਾ ਕਰ ਰਹੇ ਸਨ, ਅਤੇ ਉਹ ਉਨ੍ਹਾਂ ਨੂੰ ਕਹਿ ਰਿਹਾ ਸੀ ਕਿ ਨਿਰੰਤਰ ਅਜਿਹਾ ਕਰਦੇ ਹੀ ਰਹੋ।

ਪੌਲੁਸ ਚਾਹੁੰਦਾ ਸੀ ਕਿ ਉਸ ਦੇ ਲਈ ਖਾਸ ਪ੍ਰਾਰਥਨਾ ਕੀਤੀ ਜਾਵੇ। ਸਾਡੇ ਵਿੱਚੋਂ ਕੌਣ ਇਸੇ ਪ੍ਰਕਾਰ ਦੀਆਂ ਪ੍ਰਾਰਥਨਾਵਾਂ ਕਰਨ ਦੇ ਲਈ ਬੇਨਤੀ ਨਹੀਂ ਕਰੇਗਾ?

*"ਪ੍ਰਾਰਥਨਾ ਕਰੋ ਭਈ ਪ੍ਰਭੁ ਦਾ ਵਚਨ ਫੈਲਰੇ ਅਤੇ ਵਡਿਆਇਆ ਜਾਵੇ।"* ਉਹ ਚਾਹੁੰਦਾ ਸੀ ਕਿ ਇੰਜੀਲ "ਤੇਜ਼ੀ ਨਾਲ ਫੈਲਰੇ।" ਯੂਨਾਨੀ ਸ਼ਬਦ τρέχω (*ਟ੍ਰੀਚੋ*) ਜਿਸ ਦਾ ਅਰਥ "ਦੌੜਨਾ" ਹੈ। "ਤੇਜ਼ੀ ਨਾਲ ਫੈਲਰੇ" ਅਤੇ "ਵਡਿਆਇਆ ਜਾਵੇ" ਦੋਵੇਂ ਵਰਤਮਾਨ ਕਾਲ ਵਿੱਚ ਹਨ, ਜੋ ਪਰਗਟ ਕਰਦਾ ਹੈ ਕਿ ਬੇਨਤੀ ਪ੍ਰਭੂ ਦੇ ਵਚਨ ਦੇ ਨਿਰੰਤਰ ਤੇਜ਼ੀ ਨਾਲ ਫੈਲਣ ਅਤੇ ਪੂਰਣ ਸਫਲਤਾ ਦੇ ਲਈ ਸੀ।

*"ਪ੍ਰਾਰਥਨਾ ਕਰੋ ਕਿ ਅਸੀਂ ਸੇਵਾ ਕਰਨ ਦੇ ਲਈ ਸੁਰੱਖਿਅਤ ਰਹੀਏ।"* ਸ਼ਾਇਦ ਪੌਲੁਸ ਕੁਝ ਦੁਸ਼ਮਣਾਂ ਤੋਂ ਬਚਾਏ ਜਾਣ ਲਈ ਕਹਿ ਰਿਹਾ ਸੀ ਜੋ ਉਸ ਸਮੇਂ ਉਸ ਨੂੰ ਦੁਖ ਦੇ ਰਹੇ ਸਨ। ਸ਼ਾਇਦ ਇਹ ਉਨ੍ਹਾਂ ਯਹੂਦੀਆਂ ਦਾ ਹਵਾਲਾ ਸੀ ਜੋ ਉਸ ਨੂੰ ਕੁਰਿੰਥੁਸ ਵਿੱਚ ਸਤਾ ਰਹੇ ਸਨ- ਉਹ ਯਹੂਦੀ ਜਿਨ੍ਹਾਂ ਨੇ ਰਸੂਲਾਂ ਦੀ ਸੇਵਕਾਈ ਦਾ ਵਿਰੋਧ ਕੀਤਾ (ਰਸੂਲਾਂ ਦੇ ਕਰਤੱਬ 18:1–18)। ਇਹ ਉਹ ਯਹੂਦੀ ਵੀ ਹੋ ਸਕਦੇ ਸਨ ਜਿਨ੍ਹਾਂ ਨੇ ਥੱਸਲੁਨੀਕੇ ਅਤੇ ਬਰਿਯਾ ਵਿੱਚ ਉਸ ਦਾ ਵਿਰੋਧ ਕੀਤਾ ਸੀ (ਰਸੂਲਾਂ ਦੇ ਕਰਤੱਬ 17:5, 13)।

ਪੌਲੁਸ ਜਾਣਦਾ ਸੀ ਕਿ ਉੱਥੇ ਵਿਰੋਧ ਹੋਵੇਗਾ ਕਿਉਂਕਿ ਹਰ ਕਿਸੇ ਵਿੱਚ ਵਿਸ਼ਵਾਸ ਨਹੀਂ ਹੈ। ਹੋ ਸਕਦਾ ਹੈ ਕਿ ਸਾਡੀ ਸਥਿਤੀ ਵੀ ਕੋਈ ਜ਼ਿਆਦਾ ਬੇਹਤਰ ਨਾ ਹੋਵੇ।

ਹੋਣੀਆਂ ਚਾਹੀਦੀਆਂ ਹਨ? ਕਿਹੜੀਆਂ ਮਹੱਤਵਪੂਰਣ ਬੇਨਤੀਆਂ ਹੋਣੀਆਂ ਹਨ ਜਿਨ੍ਹਾਂ ਦੇ ਲਈ ਸਾਨੂੰ ਦੂਜਿਆਂ ਨੂੰ ਪ੍ਰਾਰਥਨਾ ਕਰਨ ਦੇ ਲਈ ਕਹਿਣਾ ਚਾਹੀਦਾ ਹੈ? ਯਕੀਨਨ, ਇਹ ਦੋਵੇਂ ਸੂਚੀ ਵਿੱਚ ਉੱਚੇ ਸਥਾਨ ਤੇ ਹੋਣਗਾ। EC

### "ਸਾਡੇ ਲਈ ਪ੍ਰਾਰਥਨਾ ਕਰੋ" (3:1, 2)

ਪੌਲੁਸ ਬਹੁਤ ਹੀ ਉਤਸ਼ਾਹਿਤ ਤੌਰ ਤੇ ਵਿਸ਼ਵਾਸ ਕਰਦਾ ਸੀ ਕਿ ਪਰਮੇਸ਼ੁਰ ਪ੍ਰਾਰਥਨਾ

ਦਾ ਉੱਤਰ ਦਿੰਦਾ ਹੈ। ਉਹ ਅਕਸਰ ਚਰਚ ਦੇ ਲਈ ਪ੍ਰਾਰਥਨਾ ਕਰਦਾ ਸੀ ਅਤੇ ਚਰਚ ਨੂੰ ਕਹਿੰਦਾ ਹੁੰਦਾ ਸੀ ਕਿ ਉਸ ਦੇ ਲਈ ਪ੍ਰਾਰਥਨਾ ਕਰੇ। ਪ੍ਰਾਰਥਨਾ ਇੱਕ ਕਿਰਿਆ ਹੈ ਜਿਸ ਵਿੱਚ ਅਸੀਂ ਅਰਾਧਨਾ ਦੇ ਦੌਰਾਨ ਪਰਮੇਸ਼ੁਰ ਦੇ ਨਾਲ ਗੱਲਬਾਤ ਕਰਦੇ ਹਾਂ। ਜਦੋਂ ਅਸੀਂ ਪ੍ਰਾਰਥਨਾ ਕਰਦੇ ਹਾਂ, ਅਸੀਂ ਧੰਨਵਾਦ ਦਿੰਦੇ ਹਾਂ, ਬੇਨਤੀਆਂ ਕਰਦੇ ਹਾਂ, ਜਾਂ ਸਧਾਰਣ ਤੌਰ ਤੇ ਆਪਣੀਆਂ ਭਾਵਨਾਵਾਂ ਨੂੰ ਪਰਮੇਸ਼ੁਰ ਦੇ ਅੱਗੇ ਵਿਅਕਤ ਕਰਦੇ ਹਾਂ। "ਧਰਮੀ ਪੁਰਖ ਦੀ ਬੇਨਤੀ ਤੋਂ ਬਹੁਤ ਅਸਰ ਹੁੰਦਾ ਹੈ" (ਯਾਕੂਬ 5:16)। ਪੌਲੁਸ ਨੇ ਥੱਸਲੁਨੀਕੇ ਦੇ ਮਸੀਹੀਆਂ ਨੂੰ ਕਿਹਾ ਕਿ ਹੇਠਾਂ ਲਿਖੀਆਂ ਗੱਲਾਂ ਦੇ ਲਈ ਪ੍ਰਾਰਥਨਾ ਕਰੋ:

*"ਭਈ ਪ੍ਰਭੁ ਦਾ ਬਚਨ ਫੈਲਰੇ ਅਤੇ ਵਡਿਆਇਆ ਜਾਵੇ"* (ਆਇਤ 1)। "ਪ੍ਰਭੂ ਦਾ ਬਚਨ" ਖੁਸ਼ ਖਬਰੀ ਹੈ (ਵੇਖੋ 1 ਥੱਸਲੁਨੀਕੀਆਂ 2:8)। ਪੌਲੁਸ ਨੇ ਆਸ ਕੀਤੀ ਕਿ ਯਿਸੂ ਦੀ ਇੰਜੀਲ "ਤੇਜ਼ੀ ਨਾਲ ਫੈਲਰੇ" ਇੱਕ ਵਿਅਕਤੀ ਤੋਂ ਦੂਜੇ ਵਿਅਕਤੀ ਤੱਕ, ਦੌੜੇ। ਇੱਕ ਬੈਟਨ ਦੇ ਜਲਦੀ ਦੇ ਨਾਲ ਇੱਕ ਪ੍ਰਸਾਰਿਤ ਦੌੜ ਵਿੱਚੋਂ ਲੰਘਣ ਦੀ ਕਲਪਨਾ ਕਰੋ; ਪੌਲੁਸ ਦੀ ਕਾਮਨਾ ਸੀ ਕਿ ਇਸੇ ਤਰ੍ਹਾਂ ਖੁਸ਼ ਖਬਰੀ ਫੈਲਦੀ ਜਾਵੇ। ਜ਼ਬੂਰਾਂ ਦੀ ਪੋਥੀ 147:15 ਆਇਤ ਵਿੱਚ ਪਰਮੇਸ਼ੁਰ ਕਹਿੰਦਾ ਹੈ, "ਉਹ ਆਪਣਾ ਹੁਕਮ ਧਰਤੀ ਉੱਤੇ ਘੱਲਦਾ ਹੈ, ਉਹ ਦਾ ਬਚਨ ਬਹੁਤ ਤੇਜ ਦੌੜਦਾ ਹੈ।"

*"ਭਈ ਪ੍ਰਭੁ ਦਾ ਬਚਨ . . . ਵਡਿਆਇਆ ਜਾਵੇ"* (ਆਇਤ 1)। "ਵਡਿਆਇਆ ਜਾਵੇ" ਤੋਂ ਪੌਲੁਸ ਦਾ ਅਰਥ ਸੀ ਕਿ ਸੁਣਨ ਵਾਲੇ ਖੁਸ਼ ਖਬਰੀ ਨੂੰ, ਪਰਮੇਸ਼ੁਰ ਦੇ ਦੁਆਰਾ ਦਿੱਤੇ ਗਏ ਇੱਕ ਸੰਦੇਸ਼ ਦੇ ਰੂਪ ਵਿੱਚ ਗ੍ਰਹਿਣ ਕਰਨ, ਨਾ ਕਿ ਕਿਸੇ ਮਨੁੱਖ ਦੇ ਤੱਤ ਗਿਆਨ ਦੇ ਰੂਪ ਵਿੱਚ।

ਥੱਸਲੁਨੀਕੇ ਦੇ ਮਸੀਹੀਆਂ ਨੇ ਚੰਗੀ ਤਰ੍ਹਾਂ ਸੰਦੇਸ਼ ਨੂੰ ਗ੍ਰਹਿਣ ਕੀਤਾ ਸੀ, ਅਤੇ ਪੌਲੁਸ ਨੇ ਉਨ੍ਹਾਂ ਨੂੰ ਅਜਿਹਾ ਕਰਨ ਦਾ ਹੁਕਮ ਦਿੱਤਾ ਸੀ (ਆਇਤ 1)। ਉਨ੍ਹਾਂ ਨੇ ਪ੍ਰਭੂ ਦੇ ਵਚਨ ਨੂੰ ਉੱਚਾ ਚੁੱਕਿਆ ਅਤੇ ਵਚਨ ਦੀ ਮਹਿਮਾ ਕੀਤੀ। ਪੌਲੁਸ ਨੇ 1 ਥੱਸਲੁਨੀਕੀਆਂ 2:13 ਵਿੱਚ ਅਜਿਹਾ ਹੀ ਕੁਝ ਲਿਖਿਆ ਸੀ, "ਇਸ ਕਾਰਨ ਅਸੀਂ ਵੀ ਨਿੱਤ ਪਰਮੇਸ਼ੁਰ ਦਾ ਧੰਨਵਾਦ ਕਰਦੇ ਹਾਂ ਭਈ ਜਦ ਤੁਹਾਨੂੰ ਪਰਮੇਸ਼ੁਰ ਦਾ ਸੁਣਿਆ ਹੋਇਆ ਬਚਨ ਸਾਥੋਂ ਮਿਲਿਆ ਤਾਂ ਉਹ ਨੂੰ ਮਨੁੱਖਾਂ ਦਾ ਬਚਨ ਕਰਕੇ ਨਹੀਂ ਸਗੋਂ ਜਿਵੇਂ ਉਹ ਸੱਚੀਂ ਮੁੱਚੀਂ ਹੈ ਪਰਮੇਸ਼ੁਰ ਦਾ ਬਚਨ ਕਰਕੇ ਕਬੂਲ ਕੀਤਾ।" ਇਹ ਜ਼ਰੂਰੀ ਹੈ ਕਿ ਖੁਸ਼ ਖਬਰੀ ਨੂੰ ਇੱਕ ਈਸ਼ੁਰੀ ਸੰਦੇਸ਼ ਦੇ ਰੂਪ ਵਿੱਚ ਗ੍ਰਹਿਣ ਕੀਤਾ ਜਾਵੇ। ਖੁਸ਼ ਖਬਰੀ "ਹਰੇਕ ਨਿਹਚਾਵਾਨ ਦੀ ਮੁਕਤੀ ਦੇ ਲਈ ਪਰਮੇਸ਼ੁਰ ਦੀ ਸ਼ਕਤੀ ਹੈ।" (ਰੋਮੀਆਂ 1:16)।

*"ਅਤੇ ਇਹ ਭਈ ਅਸੀਂ ਪੁੱਠੇ ਅਤੇ ਬੁਰੇ ਮਨੁੱਖਾਂ ਤੋਂ ਬਚਾਏ ਜਾਈਏ ਕਿਉਂ ਜੋ ਸਭਨਾਂ ਨੂੰ ਨਿਹਚਾ ਨਹੀਂ ਹੈ"* (ਆਇਤ 2)। ਹਰ ਕੋਈ ਸੱਚਾਈ ਨੂੰ ਸਵੀਕਾਰ ਨਹੀਂ ਕਰਦਾ ਹੈ। ਸਾਰਿਆਂ ਨੂੰ ਵਿਸ਼ਵਾਸ ਕਰਨ ਦੇ ਲਈ ਸੱਦਾ ਦਿੱਤਾ ਗਿਆ ਹੈ, ਪਰ ਹਰ ਕੋਈ ਇਸ ਮੌਕੇ ਦਾ ਲਾਭ ਨਹੀਂ ਉਠਾਉਂਦਾ ਹੈ। ਪੌਲੁਸ ਨੇ ਉਨ੍ਹਾਂ ਲੋਕਾਂ ਵੱਲ ਇਸ਼ਾਰਾ ਕੀਤਾ ਜਿਨ੍ਹਾਂ ਨੇ ਉਨ੍ਹਾਂ ਸਿੱਖਿਆਵਾਂ ਨੂੰ ਰੱਦਿਆ ਸੀ ਜੋ ਪੌਲੁਸ ਅਤੇ ਉਸ ਦੇ ਸਹਿਕਰਮੀਆਂ ਨੇ ਪ੍ਰਕਾਸ਼ਤ ਕੀਤੀਆਂ ਸਨ। ਇਹ "ਬੁਰੇ ਅਤੇ ਪੁੱਠੇ ਲੋਕ" ਸ਼ਾਇਦ ਉਹ ਯਹੂਦੀ ਸਨ ਜਿਨ੍ਹਾਂ ਯਿਸੂ ਮਸੀਹ ਦੇ ਸੰਦੇਸ਼ ਨੂੰ ਗ੍ਰਹਿਣ ਨਹੀਂ ਕੀਤਾ ਸੀ। ਉਨ੍ਹਾਂ ਨੇ ਅਕਸਰ ਪੌਲੁਸ ਅਤੇ ਉਸ ਦੇ ਸਮੂਹ ਦਾ ਵਿਰੋਧ ਕੀਤਾ ਸੀ।

ਰਸੂਲਾਂ ਦੇ ਕਰਤੱਬ 17 ਅਧਿਆਇ ਵਿੱਚ, ਪੌਲੁਸ ਨੇ ਯੂਨਾਨੀਆਂ ਦੀ ਇੱਕ ਸਫਲ ਪ੍ਰਤਿਕਿਰਿਆ ਦਾ ਅਨੰਦ ਮਾਣਿਆ, ਪਰ ਯਹੂਦੀਆਂ ਨੇ ਖੁਣਸ ਕਰਕੇ "ਲੁੱਚਿਆਂ ਲੰਡਿਆਂ ਵਿੱਚੋਂ ਕਈ ਪੁਰਖਾਂ ਨੂੰ" ਆਪਣੇ ਨਾਲ ਰਲਾ ਲਿਆ ਅਤੇ ਭੀੜ ਇਕੱਠੀ ਕਰ ਲਈ (ਰਸੂਲਾਂ ਦੇ ਕਰਤੱਬ

17:5)। ਜਦੋਂ ਪੌਲੁਸ ਨੇ ਆਇਤ 2 ਲਿਖੀ ਤਾਂ ਸ਼ਾਇਦ ਉਸ ਦੇ ਮਨ ਵਿੱਚ ਇਹ ਘਟਨਾ ਜਾਂ ਇਸ ਦੇ ਵਰਗੀ ਕੋਈ ਘਟਨਾ ਸੀ। ਇਸੇ ਹੰਗਾਮੇ ਦੇ ਕਾਰਣ ਉਸ ਥਾਂ ਨੂੰ ਛੱਡ ਕੇ ਬਰਿਯਾ ਵਿੱਚ ਚਲਿਆ ਗਿਆ।

ਕੁਰਿੰਥੁਸ ਵਿੱਚ, ਯਹੂਦੀਆਂ ਦੇ ਰਾਹੀਂ ਲਾਏ ਗਏ ਦੋਸ਼ਾਂ ਦੇ ਕਾਰਨ ਜਾਂਚ ਕਰਨ ਦੇ ਲਈ ਪੌਲੁਸ ਨੂੰ ਗਾਲੀਓ ਦੇ ਸਾਹਮਣੇ ਪੇਸ਼ ਕੀਤਾ ਗਿਆ ਸੀ। ਲੂਕਾ ਨੇ ਲਿਖਿਆ ਹੈ, "ਪਰ ਜਦੋਂ ਗਾਲੀਓ ਅਖਾਯਾ ਦੇ ਡਿਪਟੀ ਸੀ ਤਾਂ ਯਹੂਦੀ ਮਿਲ ਕੇ ਪੌਲੁਸ ਉੱਤੇ ਚੜ੍ਹ ਆਏ ਅਤੇ ਉਹ ਨੂੰ ਅਦਾਲਤ [βῆμα, ਬਿਮਾ] ਵਿੱਚ ਲਿਆ ਕੇ ਬੋਲੇ" (ਰਸੂਲਾਂ ਦੇ ਕਰਤੱਬ 18:12)। ਇਹ ਕੋਈ ਹੈਰਾਨੀ ਦੀ ਗੱਲ ਨਹੀਂ ਹੈ ਕਿ ਉਸ ਨੇ ਅਜਿਹੇ ਲੋਕਾਂ ਤੋਂ "ਬਚਾਏ" ਜਾਣ ਲਈ ਪ੍ਰਾਰਥਨਾ ਕਰਨ ਦੇ ਲਈ ਕਿਹਾ ਗਿਆ ਸੀ।

ਠੀਕ ਜਿਵੇਂ ਥੱਸਲੁਨੀਕੇ ਦੇ ਮਸੀਹੀਆਂ ਨੂੰ ਉਨ੍ਹਾਂ ਖਾਸ ਮੁੱਦਿਆਂ ਦੇ ਕਾਰਨ ਜਿਨ੍ਹਾਂ ਦੇ ਉਨ੍ਹਾਂ ਨੇ ਸਾਹਮਣਾ ਕਰਨਾ ਪਿਆ ਸੀ ਪ੍ਰਾਰਥਨਾ ਕਰਨੀ ਪਈ ਸੀ, ਉਸੇ ਤਰ੍ਹਾਂ ਸਾਨੂੰ ਆਪਣੀਆਂ ਸਥਿਤੀਆਂ ਦੇ ਲਈ ਪ੍ਰਾਰਥਨਾ ਕਰਨੀ ਚਾਹੀਦੀ ਹੈ ਜਿਸ ਵਿੱਚ ਵਚਨ ਦਾ ਪ੍ਰਚਾਰ ਕੀਤਾ ਜਾਣਾ ਅਤੇ "ਬੁਰੇ ਲੋਕਾਂ" ਤੋਂ ਬਚਾਇਆ ਜਾਣਾ ਸ਼ਾਮਲ ਹੈ। ਸਾਨੂੰ ਸਾਰੇ ਸੰਸਾਰ ਦੇ ਵਿੱਚ ਖੁਸ਼ ਖਬਰੀ ਦੇ ਪਰਚਾਰ ਦੇ ਫੈਲਣ ਦੇ ਲਈ, ਖਾਸ ਦੇਸ਼ਾਂ ਅਤੇ ਭਾਈਚਾਰਿਆਂ ਲਈ, ਦਰਵਾਜ਼ਿਆਂ ਦੇ ਖੁੱਲਣ ਲਈ ਤਾਂਕਿ ਜ਼ਿਆਦਾ ਤੋਂ ਜ਼ਿਆਦਾ ਲੋਕ ਮਸੀਹ ਦੇ ਰਾਹੀਂ ਦਿੱਤੇ ਗਏ ਪਰਮੇਸ਼ੁਰ ਦੇ ਮੁਕਤੀ ਦੇ ਉਪਹਾਰ ਨੂੰ ਗਲੇ ਲਗਾ ਸਕਣ ਪ੍ਰਾਰਥਨਾ ਕਰਨੀ ਚਾਹੀਦੀ ਹੈ। ਸਾਨੂੰ ਛੁਟਕਾਰੇ ਦੇ ਲਈ ਵੀ, ਪ੍ਰਾਰਥਨਾ ਕਰਨੀ ਚਾਹੀਦੀ ਹੈ। ਵੱਖ-ਵੱਖ ਦੇਸ਼ਾਂ ਵਿੱਚ ਧਾਰਮਿਕ ਸੁਤੰਤਰਤਾ ਦੇ ਭਿੰਨ-ਭਿੰਨ ਦਰਜੇ ਹਨ, ਪਰ ਮਸੀਹੀਆਂ ਨੂੰ ਹਰ ਜਗਾ ਤੇ ਉਨ੍ਹਾਂ ਲੋਕਾਂ ਦੇ ਸਾਹਮਣਾ ਕਰਨਾ ਪੈਂਦਾ ਹੈ ਜੋ ਪਰਮੇਸ਼ੁਰ ਦੇ ਵਚਨ ਨੂੰ ਫੈਲਾਉਣ ਵਾਲਿਆਂ ਦਾ ਵਿਰੋਧ ਕਰਦੇ ਹਨ। ਆਓ ਅਸੀਂ ਜਨਤਕ ਤੌਰ ਤੇ, ਵਿਅਕਤੀਗਤ ਤੌਰ ਤੇ, ਅਤੇ ਜ਼ੋਸ਼ ਦੇ ਨਾਲ ਪ੍ਰਾਰਥਨਾ ਕਰੀਏ ਕਿ ਕੋਈ ਵੀ ਚੀਜ਼ ਇੰਜੀਲ ਨੂੰ ਦੁਨੀਆਂ ਦੇ ਕੋਨਿਆਂ ਤਕ ਪਹੁੰਚਣ ਤੋਂ ਰੋਕ ਨਾ ਸਕੇ। EE

### "ਪ੍ਰਭੂ ਵਫ਼ਾਦਾਰ ਹੈ" (3:3)

ਆਇਤ 2 ਦੇ ਅੰਤ ਵਿੱਚ, ਪੌਲੁਸ ਨੇ ਲਿਖਿਆ, "ਜੋ ਸਭਨਾਂ ਨੂੰ ਨਿਹਚਾ ਨਹੀਂ ਹੈ।" ਸ਼ਬਦਾਂ ਦੇ ਇੱਕ ਹੇਰ-ਫੇਰ ਨੂੰ ਵਰਤ ਕੇ, ਉਸ ਨੇ ਇਸ ਬਿਆਨ ਦੇ ਬਾਰੇ ਅੱਗੇ ਕਿਹਾ, "ਪਰੰਤੂ ਪ੍ਰਭੂ ਵਫ਼ਾਦਾਰ ਹੈ।" ਪਰਮੇਸ਼ੁਰ ਦੀ ਵਫ਼ਾਦਾਰੀ ਬੁਰੇ ਆਦਮੀ ਦੀ ਵਫ਼ਾਦਾਰ ਬਣੇ ਰਹਿਣ ਦੀ ਅਯੋਗਤਾ ਦੇ ਉਲਟ ਸਥਿਰ ਰਹਿੰਦੀ ਹੈ। "ਪ੍ਰਭੂ ਵਫ਼ਾਦਾਰ ਹੈ" ਦਾ ਅਰਥ ਕੀ ਹੈ?

*ਅਸੀਂ ਉਸ ਉੱਤੇ ਭਰੋਸਾ ਕਰ ਸਕਦੇ ਹਾਂ।* ਲੋਕ ਅਕਸਰ ਵਾਇਦਿਆਂ ਨੂੰ ਤੋੜਦੇ ਹਨ, ਪਰ ਪਰਮੇਸ਼ੁਰ ਕਦੀ ਅਜਿਹਾ ਨਹੀਂ ਕਰਦਾ ਹੈ (ਰੋਮੀਆਂ 3:4; 1 ਕੁਰਿੰਥੀਆਂ 1:9; 2 ਕੁਰਿੰਥੀਆਂ 1:18; 1 ਥੱਸਲੁਨੀਕੀਆਂ 5:24; ਇਬਰਾਨੀਆਂ 6:18)। ਸਾਰੇ ਮਸੀਹੀਆਂ ਨੂੰ ਉਸ ਦੇ ਕੋਲੋਂ ਪ੍ਰਾਰਥਨਾ ਕਰਨੀ ਚਾਹੀਦੀ ਹੈ ਅਤੇ ਜਾਨਣਾ ਚਾਹੀਦਾ ਹੈ ਕਿ ਉਹ ਉਨ੍ਹਾਂ ਦੀਆਂ ਲੋੜਾਂ ਨੂੰ ਪੂਰਾ ਕਰੇਗਾ।

*ਉਹ ਸਾਨੂੰ "ਸ਼ਕਤੀ" ਦੇਵੇਗਾ।* ਪਰਮੇਸ਼ੁਰ ਸਰਵਸ਼ਕਤੀਮਾਨ ਹੈ। ਯਿਸੂ ਨੇ ਕਿਹਾ, "ਪਰਮੇਸ਼ੁਰ ਤੋਂ ਸਭ ਕੁਝ ਹੋ ਸਕਦਾ ਹੈ" (ਮੱਤੀ 19:26)। "ਮਜ਼ਬੂਤ" ਦੇ ਲਈ ਯੂਨਾਨੀ ਸ਼ਬਦ στηρίζω (*ਸਟੇਰੀਜ਼ੋ*) ਹੈ, ਜਿਸ ਦਾ ਅਰਥ ਸਥਾਪਤ ਕਰਨਾ ਜਾਂ ਦ੍ਰਿੜ ਕਰਨਾ ਜਾਂ ਸਹਾਰਾ ਦੇਣਾ ਹੈ। ਜਿਵੇਂ ਇੱਕ ਡੈਮ ਨੂੰ ਹੜ੍ਹ ਦੇ ਸਮੇਂ ਹਜ਼ਾਰਾਂ ਰੇਤ ਦੀਆਂ ਬੋਰੀਆਂ ਦੇ ਦੁਆਰਾ ਸਹਾਰਾ

ਦਿੱਤਾ ਜਾ ਸਕਦਾ ਹੈ, ਉਸੇ ਤਰ੍ਹਾਂ ਪਰਮੇਸ਼ੁਰ ਸਾਨੂੰ ਸਹਾਰਾ ਦਿੰਦਾ ਹੈ। ਮਸੀਹ ਨੇ ਵਾਇਦਾ ਕੀਤਾ ਹੈ ਕਿ ਉਹ ਦੁਨੀਆਂ ਦੇ ਅੰਤ ਤੱਕ ਸਾਡੇ ਨਾਲ ਰਹੇਗਾ (ਮੱਤੀ 28:20)। ਪੌਲੁਸ ਨੇ ਇਸ ਈਸ਼ੁਰੀ ਅਹਿਸਾਸ ਨੂੰ ਮਹਿਸੂਸ ਕੀਤਾ ਸੀ ਜਦੋਂ ਉਸ ਨੇ ਇਹ ਲਿਖਿਆ ਕਿ, "ਉਹ ਦੇ ਵਿੱਚ ਜੋ ਮੈਨੂੰ ਬਲ ਦਿੰਦਾ ਹੈ ਮੈਂ ਸੱਭੋ ਕੁਝ ਕਰ ਸੱਕਦਾ ਹਾਂ" (ਫ਼ਿਲਿੱਪੀਆਂ 4:13)।

*ਉਹ ਸਾਨੂੰ "ਬਚਾਈ" ਰੱਖੇਗਾ।* ਪੌਲੁਸ ਨੇ ਲਿਖਿਆ ਕਿ ਪਰਮੇਸ਼ੁਰ ਥੱਸਲੁਨੀਕੇ ਦੇ ਮਸੀਹੀਆਂ ਨੂੰ "ਦੁਸ਼ਟ" ਤੋਂ ਬਚਾਈ ਰੱਖੇਗਾ। ਯੂਨਾਨੀ ਸ਼ਬਦ πονηρός (*ਪੌਨੇਰੋਸ*) ਦਾ ਸਧਾਰਣ ਅਰਥ ਬੁਰਾਈ ਜਾਂ ਜਿਵੇਂ NASB ਵਿੱਚ "ਦੁਸ਼ਟ" ਹੋ ਸਕਦਾ ਹੈ। "ਦੁਸ਼ਟ" ਸ਼ਤਾਨ ਦਾ ਉਲੇਖ ਹੋਵੇਗਾ (ਵੇਖੋ ਅਫ਼ਸੀਆਂ 6:16)। "ਬੁਰਾਈ" ਸ਼ਤਾਨ ਦੇ ਰਾਹੀਂ ਨਿਯੰਤਰਿਤ ਕੰਮਾਂ ਦਾ ਹਵਾਲਾ ਹੋਵੇਗਾ। ਪਰਮੇਸ਼ੁਰ ਦੀ ਸੁਰੱਖਿਆ ਦਾ ਰੂਪਕ ਇਹ ਹੈ ਕਿ ਪਰਮੇਸ਼ੁਰ ਦੇ ਲੋਕਾਂ ਨੂੰ ਹਾਨੀ ਦੇ ਮਾਰਗ ਤੋਂ ਬਾਹਰ, ਸੁਰੱਖਿਆ ਵਿੱਚ ਅਤੇ ਦ੍ਰਿੜ੍ਹ ਦੀਵਾਰਾਂ ਦੇ ਵਿਚਕਾਰ ਘੇਰ ਕੇ ਰੱਖਿਆ ਜਾਂਦਾ ਹੈ।

ਪਰਮੇਸ਼ੁਰ ਸਾਨੂੰ ਪਰੀਖਿਆਵਾਂ ਤੇ ਜਿੱਤ ਪਾਉਣ ਦੀ ਸਮਰੱਥ ਦਿੰਦਾ ਹੈ। ਉਹ ਸਾਨੂੰ ਉਨ੍ਹਾਂ ਲੋਕਾਂ ਤੋਂ ਬਚਾਉਂਦਾ ਹੈ ਜੋ ਸਾਡੇ ਤੋਂ ਬਹੁਤ ਹੀ ਜ਼ਿਆਦਾ ਸ਼ਕਤੀਸ਼ਾਲੀ ਹੁੰਦੇ ਹਨ। ਪੌਲੁਸ ਨੇ ਇਹੋ ਜਿਹੇ ਸ਼ਬਦਾਂ ਦੇ ਨਾਲ ਹੀ ਕੁਰਿੰਥੁਸ ਦੇ ਭਾਈਆਂ ਨੂੰ ਦਲੇਰੀ ਦਿੱਤੀ ਸੀ, "ਤੁਹਾਡੇ ਉੱਤੇ ਇਹੋ ਜਿਹਾ ਕੋਈ ਪਰਤਾਵਾ ਨਹੀਂ ਪਿਆ ਜੋ ਮਨੁੱਖ ਤੋਂ ਨਹੀਂ ਝੱਲਿਆ ਜਾਂਦਾ ਪਰੰਤੂ ਪਰਮੇਸ਼ੁਰ ਵਫ਼ਾਦਾਰ ਹੈ ਜੋ ਤੁਹਾਡੀ ਸ਼ਕਤੀਓਂ ਬਾਹਰ ਤੁਹਾਨੂੰ ਪਰਤਾਵੇ ਵਿੱਚ ਨਹੀਂ ਪੈਣ ਦੇਵੇਗਾ ਸਗੋਂ ਪਰਤਾਵੇ ਦੇ ਨਾਲ ਹੀ ਬਚ ਜਾਣ ਦਾ ਉਪਾਓ ਵੀ ਕੱਢ ਦੇਵੇਗਾ ਭਈ ਤੁਸੀਂ ਝੱਲ ਸੱਕੋ" (1 ਕੁਰਿੰਥੀਆਂ 10:13)। ਪਰਤਾਏ ਜਾਣ ਦੇ ਸਮੇਂ, ਸਾਡੇ ਅੰਦਰ ਜ਼ਰੂਰ ਬਾਹਰ ਨਿਕਲਣ ਦਾ ਰਾਹ ਕੱਢ ਲੈਣ ਦੀ ਇੱਛਾ ਰੱਖਣੀ ਚਾਹੀਦੀ ਹੈ; ਪਰ ਪਰਮੇਸ਼ੁਰ ਸਾਡੇ ਨਾਲ ਵਫ਼ਾਦਾਰ ਰਹੇਗਾ, ਸਾਨੂੰ ਮਜ਼ਬੂਤ ਬਣੇ ਰਹਿਣ ਦੇ ਲਈ ਜ਼ਰੂਰੀ ਸ਼ਕਤੀ ਅਤੇ ਸੁਰੱਖਿਆ ਦੇਵੇਗਾ। EE

**"ਸਾਨੂੰ ਪ੍ਰਭੂ ਵਿੱਚ ਤੁਹਾਡੇ ਉੱਤੇ ਭਰੋਸਾ ਹੈ" (3:4)**

ਪੌਲੁਸ ਨੂੰ ਭਰੋਸਾ ਸੀ ਕਿ ਥੱਸਲੁਨੀਕੇ ਦੇ ਮਸੀਹੀ ਉਨ੍ਹਾਂ ਹੁਕਮਾਂ ਨੂੰ ਮੰਨਣਗੇ ਜੋ ਉਹ ਉਨ੍ਹਾਂ ਨੂੰ ਦੇ ਰਿਹਾ ਸੀ। ਉਸ ਨੂੰ ਅਜਿਹਾ ਭਰੋਸਾ ਕਿਉਂ ਸੀ? ਚਰਚ ਕੀ ਕਰ ਰਿਹਾ ਸੀ ਜਿਸ ਨੇ ਪੌਲੁਸ ਨੂੰ ਭਰੋਸਾ ਦੁਆਇਆ ਕਿ ਉਹ ਉਸ ਦੀਆਂ ਸਿੱਖਿਆਵਾਂ ਨੂੰ ਕਾਇਮ ਰੱਖੇਗਾ?

*ਪੌਲੁਸ ਦਾ ਭਰੋਸਾ "ਪ੍ਰਭੂ ਵਿੱਚ" ਸੀ।* ਉਹ ਉਨ੍ਹਾਂ ਉੱਤੇ ਭਰੋਸਾ ਕਰ ਸਕਦਾ ਸੀ ਕਿਉਂਕਿ ਉਸ ਨੇ ਉਨ੍ਹਾਂ ਨੂੰ "ਪ੍ਰਭੂ ਵਿੱਚ" ਮਾਫ਼ੀ ਪ੍ਰਾਪਤ ਕੀਤੇ ਹੋਏ, ਆਗਿਆਕਾਰੀ ਵਿਸ਼ਵਾਸੀ ਵੇਖਿਆ ਸੀ। ਸਾਡੇ ਵਿੱਚ ਵੀ ਇਹ ਆਸ ਕਰਦੇ ਹੋਏ ਕਿ ਉਹ ਮਸੀਹੀ ਸਿਧਾਂਤਾਂ ਦੇ ਪ੍ਰਤਿ ਵਿਸ਼ਵਾਸਯੋਗ ਰਹਿਣਗੇ, ਉਨ੍ਹਾਂ ਲੋਕਾਂ ਉੱਤੇ ਜੋ "ਪ੍ਰਭੂ ਵਿੱਚ" ਹਨ ਵਧੇਰੇ ਭਰੋਸਾ ਰੱਖਣ ਦਾ ਸੁਭਾਅ ਹੋਣਾ ਚਾਹੀਦਾ ਹੈ। ਸਾਡਾ ਭਰੋਸਾ ਲੋਕਾਂ ਉੱਤੇ ਨਹੀਂ ਸਗੋਂ ਪਰਮੇਸ਼ੁਰ ਉੱਤੇ ਹੈ, ਜੋ ਉਨ੍ਹਾਂ ਨੂੰ ਹਨੇਰੇ ਵਿੱਚੋਂ ਰੌਸ਼ਨੀ ਵਿੱਚ ਲਿਆਇਆ ਹੈ (ਕੁਲੁੱਸੀਆਂ 1:13; 1 ਯੂਹੰਨਾ 1:7)।

*ਪੌਲੁਸ ਨੂੰ ਵਿਸ਼ਵਾਸ ਸੀ ਕਿ ਜੋ ਕੁਝ ਉਹ ਉਨ੍ਹਾਂ ਨੂੰ ਹੁਕਮ ਦੇਵੇਗਾ ਉਹ ਉਸ ਨੂੰ ਕਰਣਗੇ।* ਉਸ ਦੇ ਹੁਕਮ ਉਸ ਦੇ ਆਪਣੇ ਨਹੀਂ ਸਨ (1 ਕੁਰਿੰਥੀਆਂ 14:37)। ਉਹ "ਰਵਾਇਤਾਂ" ਜਾਂ ਸਿੱਖਿਆਵਾਂ ਉਸ ਨੇ ਪਰਮੇਸ਼ੁਰ ਕੋਲੋਂ ਪ੍ਰਾਪਤ ਕੀਤੀਆਂ ਸਨ (2 ਥੱਸਲੁਨੀਕੀਆਂ 2:15)। ਉਨ੍ਹਾਂ ਨੇ ਇਨ੍ਹਾਂ ਸਿੱਖਿਆਵਾਂ ਨੂੰ ਫੜੀ ਰੱਖਿਆ ਅਤੇ ਪਰੀਖਿਆਵਾਂ ਵਿੱਚ ਵੀ ਉਨ੍ਹਾਂ ਦੀ ਪਾਲਣਾ ਕਰਨ ਦੇ ਦੁਆਰਾ ਉਨ੍ਹਾਂ ਦੇ ਪ੍ਰਤੀ ਆਪਣੀ ਵਫ਼ਾਦਾਰੀ ਦਾ ਪ੍ਰਦਰਸ਼ਨ ਕੀਤਾ ਸੀ (1:4)।

*ਪੌਲੁਸ ਨੂੰ ਵਿਸ਼ਵਾਸ ਸੀ ਕਿ ਉਹ ਨਿਰੰਤਰ ਉਹ ਕਰਣਗੇ ਜਿਸ ਦਾ ਉਨ੍ਹਾਂ ਨੂੰ ਹੁਕਮ ਦਿੱਤਾ ਗਿਆ ਸੀ।* ਉਹ ਸੱਚਮੁੱਚ ਮਨ ਪਰਿਵਰਤਨ ਕੀਤੇ ਹੋਏ ਲੋਕ ਸਨ, ਅਤੇ ਉਨ੍ਹਾਂ ਨੂੰ ਨਿਰੰਤਰ ਮੁਸ਼ਕਲ ਹਾਲਾਤਾਂ ਵਿੱਚੋਂ ਨਿਕਲਣਾ ਪਵੇਗਾ। ਜੋ ਪੌਲੁਸ ਦੇ ਮਨ ਵਿੱਚ ਸੀ ਇਹ ਉਸ ਦਾ ਇੱਕ ਹਿੱਸਾ ਹੈ ਜੋ ਉਹ ਆਇਤ 6 ਵਿੱਚ ਕਹਿਣ ਵਾਲਾ ਸੀ ਕਿ, "ਕਸੂਤੇ ਚੱਲਣ" ਵਾਲੇ ਲੋਕਾਂ ਤੋਂ "ਨਿਆਰੇ ਰਹੋ।" ਉਹ ਸਿਰਫ ਇਹ ਨਹੀਂ ਕਹਿ ਰਿਹਾ ਸੀ ਕਿ ਉਸ ਦੇ ਵਿਚਾਰ ਵਿੱਚ ਉਨ੍ਹਾਂ ਨੂੰ ਨਿਯਮਾਂ ਦੇ ਇੱਕ ਸਮੂਹ ਨੂੰ ਮੰਨਣਾ ਚਾਹੀਦਾ ਹੈ। ਇਸ ਦੀ ਬਜਾਇ, ਉਸ ਨੇ ਉਨ੍ਹਾਂ ਦੀ ਯੋਗਤਾ ਉੱਤੇ ਆਪਣੇ ਭਰੋਸੇ ਨੂੰ ਪਰਗਟ ਕੀਤਾ ਕਿ ਭਾਵੇਂ ਉਨ੍ਹਾਂ ਨੂੰ ਮੁਸ਼ਕਲ ਫੈਸਲੇ ਲੈਣੇ ਪੈਣ, ਜਿਵੇਂ ਕਿ ਇੱਕ ਅਜਿਹੇ ਭਾਈ ਜਾਂ ਭੈਣ ਦੀ ਸੰਗਤ ਨਾ ਕਰਨਾ ਜੋ ਕਸੂਤਾ ਚੱਲਦਾ ਹੋਵੇ, ਪਰ ਉਹ ਸਹੀ ਫੈਸਲਾ ਹੀ ਲੈਣਗੇ।

ਸਾਡੇ ਵਿਸ਼ੇ ਵਿੱਚ ਕੀ ਹੈ? ਕੀ ਅਸੀਂ ਕਠੋਰ ਹੁਕਮਾਂ ਨੂੰ ਮੰਨਦੇ ਹਾਂ? ਅਸੀਂ ਆਮ ਤੌਰ ਤੇ ਬੁਨਿਆਦੀ ਗਲਾਂ ਨੂੰ ਤਾਂ ਮੰਨਦੇ ਹਾਂ: ਪਾਪਾਂ ਦੀ ਮਾਫ਼ੀ ਦੇ ਲਈ ਬਪਤਿਸਮਾ, "ਪਹਿਲੇ ਦਿਨ" ਇਕੱਠੇ ਹੋਣਾ, ਅਤੇ ਕਲੀਸਿਯਾ ਵਿੱਚ ਬਜ਼ੁਰਗਾਂ ਅਤੇ ਡੀਕਨਾਂ ਨੂੰ ਥਾਪਣਾ। ਪਰ ਔਖੇ ਹੁਕਮਾਂ ਦਾ ਅਸੀਂ ਕੀ ਕਰਦੇ ਹਾਂ? ਕੀ ਅਸੀਂ ਕਸੂਤੇ ਲੋਕਾਂ ਤੋਂ ਦੂਰ ਰਹਿਣ ਦੇ ਦੋਸ਼ੀ ਹਾਂ? ਕੀ ਅਸੀਂ ਅਣਆਗਿਆਕਾਰੀ ਦੀ ਹਿੰਮਤ ਨੂੰ ਤੋੜਦੇ ਹਾਂ? ਕੀ ਅਸੀਂ ਇੱਕ ਅਜਿਹੇ ਭਾਈ ਜਾਂ ਭੈਣ ਨੂੰ ਉਸ ਸਮੇਂ ਪਿਆਰ ਦੇ ਨਾਲ ਤਸੱਲੀ ਦੇਣ ਦੇ ਲਈ ਤਿਆਰ ਹਾਂ ਜਿਸ ਸਮੇਂ ਉਸ ਨੂੰ ਸਾਡੇ ਦੁਆਰਾ ਦਿੱਤੀ ਗਈ ਤਸੱਲੀ ਦੀ ਸਭ ਤੋਂ ਵੱਧ ਲੋੜ ਹੁੰਦੀ ਹੈ? ਕਾਸ਼ ਕਿ ਪਰਮੇਸ਼ੁਰ ਸਾਡੀ ਮਦਦ ਕਰੇ ਕਿ ਅਸੀਂ ਇੱਕ ਅਜਿਹੀ ਕਲੀਸਿਯਾ ਬਣ ਸਕੀਏ ਜਿਸ ਦੇ ਬਾਰੇ ਉਹ ਯਕੀਨ ਦੇ ਨਾਲ ਕਹਿ ਸਕੇ, "ਮੈਂ ਜਾਣਦਾ ਹਾਂ ਕਿ ਉਹ ਸਭ ਤੋਂ ਔਖਾ ਹੁਕਮ ਮੰਨਣ ਵਿੱਚ ਵੀ ਮੇਰੇ ਹੁਕਮ ਦਾ ਪਾਲਣ ਕਰੇਗੀ!"

EE

### ਆਪਣੇ ਦਿਲਾਂ ਨੂੰ ਮਸੀਹ ਵੱਲ ਮੋੜਨਾ (3:5)

ਜਦੋਂ ਪੌਲੁਸ ਨੇ ਥੱਸਲੁਨੀਕੇ ਦੇ ਮਸੀਹੀਆਂ ਉਤਸ਼ਾਹਿਤ ਕਰਨਾ ਅਤੇ ਉਨ੍ਹਾਂ ਦੇ ਸਮਰਪਣ ਵਿੱਚ ਵਿਸ਼ਵਾਸ ਨੂੰ ਪਰਗਟ ਕਰਨਾ ਜਾਰੀ ਰੱਖਿਆ, ਤਾਂ ਉਸ ਨੇ ਮਸੀਹ ਦੇ ਸਾਹਮਣੇ ਅਪੀਲ ਕੀਤੀ ਕਿ ਉਹ ਉਨ੍ਹਾਂ ਦੇ ਵਿਚਾਰਾਂ, ਇੱਛਾਵਾਂ, ਅਤੇ ਭਾਵਨਾਵਾਂ ਨੂੰ ਨਿਰੰਤਰ ਆਪਣੇ ਵੱਲ ਲਗਾਈ ਰੱਖੇ। ਸਾਨੂੰ ਆਪਣੇ ਦਿਲਾਂ ਨੂੰ ਜ਼ਰੂਰ ਮੋੜਣਾ ਚਾਹੀਦਾ ਹੈ . . .

*"ਪਰਮੇਸ਼ੁਰ ਦੇ ਪ੍ਰੇਮ ਵੱਲ।"* ਪੌਲੁਸ ਨੇ ਉਸ ਪ੍ਰੇਮ ਦਾ ਹਵਾਲਾ ਦਿੱਤਾ ਜੋ ਪਰਮੇਸ਼ੁਰ ਦਾ ਸਾਡੇ ਪ੍ਰਤੀ ਸੀ (ਰੋਮੀਆਂ 5:5, 6)। ਉਸ ਦਾ ਪ੍ਰੇਮ ਸਾਨੂੰ ਪ੍ਰੇਰਿਤ ਕਰਦਾ ਹੈ ਕਿ ਬਦਲੇ ਵਿੱਚ ਅਸੀਂ ਵੀ ਉਸ ਨੂੰ ਪਿਆਰ ਕਰੀਏ (2 ਕੁਰਿੰਥੀਆਂ 5:14, 15)। ਜਦੋਂ ਅਸੀਂ ਪਰਮੇਸ਼ੁਰ ਨੂੰ ਪਿਆਰ ਕਰਦੇ ਹਾਂ, ਅਸੀਂ ਉਸ ਦੇ ਵਚਨ ਨੂੰ ਫੜੀ ਰੱਖਦੇ ਅਤੇ ਉਸ ਦੀ ਆਗਿਆਕਾਰੀ ਕਰਦੇ ਹਾਂ (ਯੂਹੰਨਾ 14:23)।

*"ਮਸੀਹ ਦੀ ਵਫ਼ਾਦਾਰੀ ਵਿੱਚ।"* ਪੌਲੁਸ ਨੇ ਪ੍ਰਾਰਥਨਾ ਕੀਤੀ ਕਿ ਕਲੀਸਿਯਾ ਵਿੱਚ ਵੀ ਉਹੀ ਧੀਰਜ ਹੋਵੇ ਜੋ ਮਸੀਹ ਦੇ ਦੁਆਰਾ ਦਿਖਾਇਆ ਗਿਆ ਸੀ। ਯਿਸੂ ਦੇ ਪਰਿਵਾਰ ਨੇ ਉਸ ਦਾ ਮਖੌਲ ਉਡਾਇਆ, ਅਤੇ ਅਧਿਕਾਰੀਆਂ ਨੇ ਉਸ ਨੂੰ ਬਦਨਾਮ ਕੀਤਾ। ਇੱਥੋਂ ਤਕ ਕਿ ਇੱਕ ਚੇਲੇ ਨੇ ਉਸ ਨੂੰ ਧੋਖਾ ਵੀ ਦਿੱਤਾ। ਉਸ ਦੇ ਲੋਕਾਂ ਨੇ ਉਸ ਨੂੰ ਸੂਲੀ ਉੱਤੇ ਕਿੱਲਾਂ ਦੇ ਨਾਲ ਜੜ ਦਿੱਤਾ। ਇਨ੍ਹਾਂ ਸਭ ਦੇ ਨਾਲ ਨਾਲ, ਉਹ ਸਾਡੀ ਮੁਕਤੀ ਦੇ ਲਈ ਮਰਨ ਦੇ ਆਪਣੇ ਨਿਸ਼ਾਨੇ ਦੇ ਪ੍ਰਤੀ ਦ੍ਰਿੜ ਬਣਿਆ ਰਿਹਾ।

ਅਸੀਂ ਜੀਵਨ ਵਿੱਚ ਆਈਆਂ ਰੁਕਾਵਟਾਂ ਦੇ ਦੁਆਰਾ ਨਿਰਾਸ਼ ਨਾ ਹੋ ਕੇ "ਯਿਸੂ ਵੱਲ ਤੱਕਦੇ ਰਹੀਏ" (ਇਬਰਾਨੀਆਂ 12:2)। ਅਸੀਂ ਕਿਹੜੀਆਂ ਮੁਸ਼ਕਲਾਂ ਦਾ ਸਾਹਮਣਾ ਕਰਦੇ ਹਾਂ? ਸਾਡੇ ਸੰਘਰਸ਼ ਭਾਵੇਂ ਘਰ ਵਿੱਚ, ਚਰਚ ਵਿੱਚ, ਜਾਂ ਕੰਮ ਦੇ ਸਥਾਨ ਤੇ ਜਾਂ ਸਕੂਲ ਵਿੱਚ ਹੋਣ, ਆਪਣੀਆਂ ਅੱਖਾਂ ਯਿਸੂ ਵੱਲ ਲਾਈਏ, ਉਹ ਸਾਨੂੰ ਸਹਿਣ ਦੀ ਤਾਕਤ ਦੇਵੇਗਾ। EE

## ਪਰਮੇਸ਼ੁਰ ਸਾਡੇ ਲਈ ਕੀ ਕਰ ਸਕਦਾ ਹੈ (3:3-5)

ਆਪਣੇ ਭਾਈ ਨੂੰ ਉਤਸ਼ਾਹਿਤ ਕਰਨ ਦਾ ਇੱਕ ਤਰੀਕਾ ਹੈ ਉਸ ਦੇ ਸਾਹਮਣੇ ਪਰਮੇਸ਼ੁਰ ਦੀ ਵਫ਼ਾਦਾਰੀ ਨੂੰ ਫੜੀ ਰੱਖਣਾ। ਪੌਲੁਸ ਨੇ ਇਸ ਚੇਤਾਵਨੀ ਦੇ ਨਾਲ ਆਪਣੀ ਪੱਤ੍ਰੀ ਨੂੰ ਸ਼ੁਰੂ ਕੀਤਾ ਸੀ। ਪੌਲੁਸ ਚਾਹੁੰਦਾ ਸੀ ਕਿ ਉਸ ਦੇ ਭਾਈ ਜਾਨਣ ਕਿ ਪਰਮੇਸ਼ੁਰ ਉਨ੍ਹਾਂ ਦੇ ਨਾਲ ਹੈ ਅਤੇ ਉਨ੍ਹਾਂ ਦੀਆਂ ਲੋੜਾਂ ਦੇ ਅਨੁਸਾਰ ਪੂਰਾ ਕਰੇਗਾ।

*"ਜਿਹੜਾ ਤੁਹਾਨੂੰ ਦ੍ਰਿੜ ਕਰੇਗਾ।"* ਜਦੋਂ ਉਹ ਸੱਚਾਈ ਅਤੇ ਵਿਸ਼ਵਾਸ ਵਿੱਚ ਉਸ ਦੇ ਨਾਲ ਖੜੇ ਹਨ ਤਾਂ ਪਰਮੇਸ਼ੁਰ ਉਨ੍ਹਾਂ ਨੂੰ ਉਤਸ਼ਾਹਿਤ ਕਰੇਗਾ। ਉਹ ਆਪਣੇ ਬੱਚਿਆਂ ਨੂੰ ਸਥਿਰ ਕਰੇਗਾ।

*"ਉਹ ਤੁਹਾਨੂੰ ਦੁਸ਼ਟ ਤੋਂ ਬਚਾਈ ਰੱਖੇਗਾ।"* ਉਸ ਦੀ ਵਫ਼ਾਦਾਰੀ ਉਨ੍ਹਾਂ ਦੀ ਦੁਸ਼ਟ ਤੋਂ ਰੱਖਿਆ ਕਰੇਗੀ। ਸ਼ਤਾਨ ਬੁਕਦੇ ਸ਼ੀਂਹ ਵਾਂਙੁ ਭਾਲਦਾ ਫਿਰਦਾ ਹੈ ਭਈ ਕਿਹ ਨੂੰ ਪਾੜ ਖਾਵੇ (1 ਪਤਰਸ 5:8)। ਸਾਨੂੰ ਲਗਾਤਾਰ ਯਿਸੂ ਮਸੀਹ ਦੇ ਦੁਆਰਾ ਪਰਮੇਸ਼ੁਰ ਵਿੱਚ ਲੁਕਣ ਦੀ ਲੋੜ ਹੈ।

"*ਉਹ ਤੁਹਾਡਿਆਂ ਮਨਾਂ ਨੂੰ ਪਰਮੇਸ਼ੁਰ ਦੇ ਪ੍ਰੇਮ ਦੇ ਰਾਹ ਪਾਈ ਰੱਖੇ।*" ਉਹ ਪਰਮੇਸ਼ੁਰ ਦੇ ਪ੍ਰੇਮ ਦੇ ਉਨ੍ਹਾਂ ਦੇ ਪ੍ਰਤੀ ਪਰਮੇਸ਼ੁਰ ਦੇ ਗਹਿਰੇ ਪ੍ਰੇਮ ਦੀ ਸਮਝ ਵਿੱਚ ਅਤੇ ਪਰਮੇਸ਼ੁਰ ਦੇ ਪ੍ਰਤੀ ਮਹਾਨ ਪ੍ਰੇਮ ਵਿੱਚ ਸੰਚਾਲਿਤ ਕੀਤੇ ਜਾਣਗੇ। ਪਰਮੇਸ਼ੁਰ ਹਮੇਸ਼ਾ ਸਾਨੂੰ ਆਪਣੇ ਪਿਆਰ ਦੇ ਵਿੱਚ ਲਿਆਉਣ ਦੇ ਵਿੱਚ ਰੁੱਝਾ ਰਹੇਗਾ।

*"ਉਹ ਤੁਹਾਡਿਆਂ ਮਨਾਂ ਨੂੰ ਮਸੀਹ ਦੇ ਸਬਰ ਦੇ ਰਾਹ ਪਾਈ ਰੱਖੇ।"* "ਦ੍ਰਿੜ੍ਹਤਾ" ਇੱਥੇ ਬੇਹਤਰ ਅਨੁਵਾਦ ਹੋਵੇਗਾ। ਇਸ ਦਾ ਮਤਲਬ ਧੀਰਜ ਦੇ ਨਾਲ ਇੰਤਜ਼ਾਰ ਕਰਨਾ ਨਹੀਂ ਹੈ, ਪਰ ਇਸ ਦਾ ਅਰਥ ਸਬਰ ਹੈ। ਦੂਜਿਆਂ ਸ਼ਬਦਾਂ ਵਿੱਚ, ਉਹ ਕਹਿ ਰਿਹਾ ਸੀ ਕਿ ਉਹ ਆਪਣੇ ਦਿਲਾਂ ਵਿੱਚ ਦੁਬਾਰਾ ਉਸ ਸਬਰ ਨੂੰ ਪੈਦਾ ਕਰ ਸਕਦੇ ਹਨ ਜੋ ਮਸੀਹ ਨੇ ਇਸ ਧਰਤੀ ਦੇ ਰਹਿੰਦੇ ਹੋਏ ਆਪਣੀਆਂ ਪਰੀਖਿਆਵਾਂ ਦਾ ਸਾਹਮਣਾ ਕਰਦੇ ਹੋਏ ਪ੍ਰਦਰਸ਼ਿਤ ਕੀਤਾ ਸੀ।

ਪਰਮੇਸ਼ੁਰ ਆਪਣੇ ਬੱਚਿਆਂ ਦੇ ਲਈ ਕੀ ਕਰੇਗਾ? ਉਹ ਸਾਨੂੰ ਸਥਾਪਤ ਕਰੇਗਾ, ਦੁਸ਼ਟ ਦੇ ਹੱਥੋਂ ਬਚਾਵੇਗਾ, ਆਪਣੇ ਪ੍ਰੇਮ ਵਿੱਚ ਸਾਡੀ ਅਗਵਾਈ ਕਰੇਗਾ, ਅਤੇ ਮਸੀਹ ਦੇ ਸਬਰ ਵੱਲ ਸਾਡੀ ਅਗਵਾਈ ਕਰੇਗਾ। ਕੀ ਅਸੀਂ ਅਨੰਦਿਤ ਨਹੀਂ ਹਾਂ? ਸਾਡਾ ਕਿੰਨਾ ਅਦਭੁੱਤ ਸਵਰਗੀ ਪਿਤਾ ਹੈ! EC

## ਆਲਸੀ ਨਾਲ ਵਿਵਹਾਰ (3:6-12)

ਪੌਲੁਸ ਨੇ ਥੱਸਲੁਨੀਕੇ ਦੇ ਮਸੀਹੀਆਂ ਨੂੰ ਇਹ ਸਪੱਸ਼ਟ ਹਿਦਾਇਤਾਂ ਦਿੱਤੀਆਂ ਕਿ ਮਸੀਹੀਆਂ ਨੂੰ ਸਮਾਜ ਵਿੱਚ ਇਕੱਠੇ ਕਿਵੇਂ ਰਹਿਣਾ ਚਾਹੀਦਾ ਹੈ। ਉਸ ਨੇ ਉਨ੍ਹਾਂ ਨੂੰ ਕੀ ਕਿਹਾ ਸੀ? ਭਾਈਆਂ ਨੂੰ ਕਿਵੇਂ ਇਕੱਠੇ ਰਹਿਣਾ ਚਾਹੀਦਾ ਹੈ?

*"ਕਸੂਤੇ ਤੋਂ ਨਿਆਰੇ ਰਹੋ।"* ਉਨ੍ਹਾਂ ਨੂੰ ਕਿਸੇ ਵੀ ਅਜਿਹੇ ਭਾਈ ਦੇ ਨਾਲ ਜੋ ਕਸੂਤਾ ਜੀਵਨ

ਜਾਂ ਆਲਸੀ ਜੀਵਨ ਜੀ ਰਿਹਾ ਸੀ ਸੰਗਤੀ ਨੂੰ ਵਧਾਉਣਾ ਨਹੀਂ ਚਾਹੀਦਾ ਸੀ। ਸ਼ਬਦ "ਨਿਯਮ ਦੇ ਵਿਰੁੱਧ" (KJV) ਜਿਸ ਦਾ ਅਰਥ ਹੈ "ਉਹ ਜੋ ਅਹੁਦੇ ਤੋਂ ਬਾਹਰ ਹਨ।"

ਉਸ ਨੇ ਇਹ ਹੁਕਮ "ਸਾਡੇ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਦਿੱਤਾ ਸੀ।" ਇਹ ਭਾਵ ਉੱਸੇ ਪ੍ਰਕਾਰ ਅਧਿਕਾਰਿਕ ਸੀ ਜਿਵੇਂ ਪੌਲੁਸ ਇਸ ਨੂੰ ਦੇ ਸਕਦਾ ਸੀ। ਫਿਰ ਵੀ, ਉਸੇ ਸਮੇਂ, ਪੌਲੁਸ ਨੇ ਕਸੂਤੇ ਵਿਅਕਤੀ ਨੂੰ "ਇੱਕ ਭਾਈ" ਦੇ ਰੂਪ ਵਿੱਚ ਸਵੀਕਾਰ ਕੀਤਾ। ਉਸ ਦੇ ਨਾਲ ਇੱਕ ਮੂਰਤੀ ਪੂਜਕ ਦੇ ਵਾਂਗ ਵਿਵਹਾਰ ਨਹੀਂ ਕੀਤਾ ਗਿਆ ਸੀ, ਪਰ ਇੱਕ ਪਰਿਵਾਰ ਦੇ ਵਾਂਗ ਵਿਵਹਾਰ ਕੀਤਾ ਗਿਆ ਸੀ।

ਸ਼ਬਦ "ਨਿਆਰੇ" (KJV) ਦਾ ਘ੍ਰਿਣਾ ਦੀ ਨਿਸ਼ਾਨੀ ਦੇ ਰੂਪ ਵਿੱਚ ਪਾਲ ਦੇ ਵਿੱਚ ਲਿਆਉਣ ਜਾਂ ਇੱਕੋ ਜਾਮੇ ਵਿੱਚ ਇਕੱਠੇ ਕਰਨ ਦੇ ਰਾਹੀਂ ਸਪੱਸ਼ਟ ਵਰਣਨ ਕੀਤਾ ਗਿਆ ਹੈ। ਇਹ ਸ੍ਰੇਸ਼ਠਾ ਦੇ ਇੱਕ ਹਾਵ-ਭਾਵ ਦੇ ਨਾਲ ਵੱਖਰਾ ਕਰਨਾ ਨਹੀਂ ਹੈ ਪਰ ਇਹ ਇੱਕ ਵੱਖਰਾ ਕਰਨ ਦੀ ਪ੍ਰਕਿਰਿਆ ਹੈ ਜਿਸ ਦਾ ਅਰਥ ਹੈ ਆਲਸੀ ਦੇ ਕੰਮਾਂ ਨੂੰ ਅਣਡਿੱਠਾ ਨਾ ਕਰੋ।

ਮਨੁੱਖ ਦੇ ਆਲਸਪੁਣੇ ਦੀ ਚਰਚਾ ਕੀਤੀ ਜਾ ਰਹੀ ਹੈ ਜੋ ਸੰਕੇਤ ਦਿੰਦਾ ਹੈ ਕਿ ਉਸ ਨੇ ਪ੍ਰੇਰਣਾ ਦੇ ਸੰਦੇਸ਼ ਨੂੰ ਰੱਦ ਦਿੱਤਾ ਸੀ। ਇੱਕ ਭਾਈ ਨੂੰ ਜਿਸਨੇ ਕੰਮ ਕਰਨ ਤੋਂ ਇਨਕਾਰ ਕਰ ਦਿੱਤਾ ਸੀ ਉਸ ਨੂੰ ਸੰਗਤੀ ਜਾਂ ਸਮਾਜਿਕ ਸੰਬੰਧ ਪ੍ਰਦਾਨ ਨਹੀਂ ਕੀਤੇ ਜਾਣੇ ਚਾਹੀਦੇ ਸਨ।

*"ਸਾਡੀ ਰੀਸ ਕਰੋ।"* ਜਦੋਂ ਪੌਲੁਸ ਉਨ੍ਹਾਂ ਦੇ ਨਾਲ ਸੀ ਤਾਂ ਉਸ ਨੇ ਆਪਣੇ ਆਪ ਨੂੰ ਉਚਿਤ ਰੀਤਿ ਸੰਚਾਲਿਤ ਕੀਤਾ ਸੀ। ਇਸ ਲਈ ਉਸ ਨੇ ਉਨ੍ਹਾਂ ਦੇ ਸਾਹਮਣੇ ਬੇਨਤੀ ਕੀਤੀ ਕਿ ਕਿਸੇ ਅਜਿਹੇ ਵਿਅਕਤੀ ਨੂੰ ਭੋਜਨ ਨਾ ਦਿਓ ਜੋ ਕੰਮ ਕਰਨਾ ਨਹੀਂ ਚਾਹੁੰਦਾ ਸੀ। ਇਸ ਵਿਅਕਤੀ ਨੂੰ ਦੂਜਿਆਂ ਦੇ ਖਰਚ ਤੇ ਨਹੀਂ ਚਾਹੀਦਾ ਸੀ। ਅਸਲ ਵਿੱਚ ਉਸ ਉਸ ਨੂੰ ਫਿਟਕਾਰ ਰਹੇ ਸਨ।

ਇੱਥੇ ਸਾਡੇ ਸਾਰਿਆਂ ਦੇ ਲਈ ਇੱਕ ਜ਼ਿੰਮੇਵਾਰੀ ਹੈ; ਕੋਈ ਵੀ ਉਸ ਤੋਂ ਨਹੀਂ ਬਚ ਸਕਦਾ ਹੈ। ਜਦੋਂ ਇਸ ਕਿਸਮ ਦੀ ਤਾੜਨਾ ਦਿੱਤੀ ਜਾਂਦੀ ਹੈ, ਤਾਂ ਅਸੀਂ ਪ੍ਰਾਪਤਕਰਤਾ ਨੂੰ ਸੱਟ ਨਹੀਂ ਪਹੁੰਚਾਉਂਦੇ ਹਾਂ, ਅਸਲ ਵਿੱਚ ਅਸੀਂ ਮਜ਼ਬੂਤ ਪ੍ਰੇਮ ਦਾ ਸੰਚਾਲਨ ਕਰਦੇ ਹਾਂ ਜੋ ਟੁੱਟੇ ਹੋਏ ਜੀਵਨਾਂ ਨੂੰ ਠੀਕ ਅਤੇ ਚੰਗਾ ਕਰਨ ਦੇ ਵਿੱਚ ਮਦਦ ਕਰਦਾ ਹੈ। EC

## ਕਸੂਤੇ ਤੋਂ ਦੂਰ ਰਹੋ (3:6-18)

ਪਰਮੇਸ਼ੁਰ ਨੇ ਮੂਸਾ ਨੂੰ ਹੁਕਮ ਦਿੱਤਾ ਕਿ ਉਹ ਉਸ ਦੇ ਲੋਕਾਂ ਦੀ ਮਿਸਰ ਤੋਂ ਬਾਹਰ ਆਉਣ ਵਿੱਚ ਅਗਵਾਈ ਕਰੇ (ਕੂਚ 3:10)। ਮੂਸਾ ਨੇ ਪਰਮੇਸ਼ੁਰ ਦੀ ਸ਼ਕਤੀ ਦੇ ਨਾਲ ਬਹੁਤ ਸਾਰੇ ਚਮਤਕਾਰ ਕੀਤੇ ਤਾਂ ਕਿ ਇਸਰਾਏਲੀ ਜਾਣ ਸਕਣ ਕਿ ਉਹ ਪਰਮੇਸ਼ੁਰ ਦਾ ਬੁਲਾਰਾ ਹੈ। ਫਿਰ ਵੀ ਉਜਾੜ ਵਿੱਚ ਭਟਕਣ ਦੇ ਸਮੇਂ ਕੋਰਹ, ਦਾਥਾਨ, ਅਤੇ ਅਬੀਰਾਮ ਨੇ ਮੂਸਾ ਅਤੇ ਉਸ ਦੇ ਭਰਾ ਹਾਰੂਨ ਦੇ ਵਿਰੁੱਧ ਵਿਦਰੋਹ ਦੀ ਅਗਵਾਈ ਕੀਤੀ ਸੀ (ਗਿਣਤੀ 16:3)। ਇਹ ਲੋਕ ਕਸੂਤੇ ਬਣ ਗਏ ਅਤੇ ਪਰਮੇਸ਼ੁਰ ਦੇ ਆਗੂਆਂ ਦੇ ਵਿਰੁੱਧ ਵਿਦਰੋਹ ਕੀਤਾ। ਉਨ੍ਹਾਂ ਦੇ ਵਿਦਰੋਹ ਦੇ ਕਾਰਨ, ਪਰਮੇਸ਼ੁਰ ਨੇ ਮੰਡਲੀ ਨੂੰ ਕਿਹਾ, "ਇਨ੍ਹਾਂ ਦੁਸ਼ਟ ਮਨੁੱਖਾਂ ਦੇ ਤੰਬੂਆਂ ਤੋਂ ਇੱਕ ਪਾਸੇ ਹੋ ਕੇ ਖਿਸਕ ਜਾਓ" (ਗਿਣਤੀ 16:26)। ਅਰਥਾਤ, "ਆਪਣੇ ਆਪ ਨੂੰ ਉਨ੍ਹਾਂ ਤੋਂ ਵੱਖਰਾ ਕਰੋ!" ਤਦ ਪਰਮੇਸ਼ੁਰ ਉਨ੍ਹਾਂ ਦੇ ਹੇਠਲੀ ਭੂਮੀ ਦੇ ਪਾਟ ਗਈ ਅਤੇ ਉਨ੍ਹਾਂ ਨੂੰ ਨਿਗਲ ਗਈ (ਗਿਣਤੀ 16:31–33)।

ਇਹ ਗੱਲ ਸਪੱਸ਼ਟ ਹੈ ਕਿ ਪਰਮੇਸ਼ੁਰ ਦੇ ਹੁਕਮਾਂ ਨੂੰ ਗੰਭੀਰ ਰੂਪ ਵਿੱਚ ਲੈਣਾ ਚਾਹੀਦਾ ਅਤੇ ਉਨ੍ਹਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਕਈ ਵਾਰ ਉਹ ਅਣਆਗਿਆਕਾਰੀ ਨੂੰ ਸਿੱਧੇ

ਤੌਰ ਤੇ ਸਜ਼ਾ ਦਿੰਦਾ ਹੈ (ਗਿਣਤੀ 16)। ਕਈ ਵਾਰ ਉਹ ਆਪਣੇ ਲੋਕਾਂ ਕੋਲੋਂ ਮੰਗ ਕਰਦਾ ਹੈ ਕਿ ਉਹ ਦੇ ਲੋਕ ਅਨੁਸ਼ਾਸਨ ਨੂੰ ਲਾਗੂ ਕਰਨ (2 ਥੱਸਲੁਨੀਕੀਆਂ 3)। ਦੋਵਾਂ ਮਾਮਲਿਆਂ ਵਿੱਚ, ਆਗਿਆਕਾਰੀ ਅਤੇ ਅਣਆਗਿਆਕਾਰੀ ਦੇ ਵਿਚਕਾਰ ਇੱਕ ਸਾਫ ਲਾਇਨ ਖਿੱਚੀ ਜਾਂਦੀ ਹੈ।

*"ਕਸੂਤੇ ਜੀਵਨ" ਦਾ ਅਰਥ ਕੀ ਹੈ।* ਯੂਨਾਨੀ ਸ਼ਬਦ ἀτάκτως (*ਆਤਾਕਤੋਸ*) ਹੈ, ਅਤੇ ਇਸ ਦਾ ਸਧਾਰਣ ਅਰਥ "ਚੰਗੇ ਹੁਕਮ ਦੀ ਉਲੰਘਣਾ ਕਰਨਾ, *ਕਸੂਤਾ।*"[20] ਰੋਬਰਟਸਨ ਨੇ ਦੱਸਿਆ ਕਿ ਇਹ ਇੱਕ "ਫੌਜ਼ੀ ਸ਼ਬਦ, ਹੈ" ਜਿਸ ਦਾ ਅਰਥ "ਅਹੁਦੇ ਤੋਂ ਬਾਹਰ।"[21] ਚਿੱਤਰ ਇਸ ਪ੍ਰਕਾਰ ਹੈ ਕਿ ਪਰਮੇਸ਼ੁਰ ਦੀ ਫੌਜ਼ ਦਾ ਇੱਕ ਸਿਪਾਹੀ ਹੈ ਜੋ ਕਮਾਂਡਰ ਦੀ ਅਵਾਜ਼ ਦਾ ਪਾਲਣ ਕਰਨ ਤੋਂ ਇਨਕਾਰ ਕਰਦਾ ਹੈ। ਬਾਈਬਲ ਕਈ ਕਿਸਮ ਦੇ ਭ੍ਰਿਸ਼ਟ ਵਿਵਹਾਰਾਂ ਦੀ ਸੂਚੀ ਬਣਾਉਂਦੀ ਹੈ: ਹਰਾਮਕਾਰੀ, ਮੂਰਤੀਪੂਜਾ, ਗਾਲਾਂ ਕੱਢਣਾ, ਸ਼ਰਾਬੀਪੁਣਾ, ਠੱਗੀ, ਕੁਪੰਥ, ਝੂਠੀ ਸਿੱਖਿਆ, ਆਲਸਪੁਣਾ ਅਤੇ ਚੁਗਲੀਆਂ ਕਰਨਾ (1 ਕੁਰਿੰਥੀਆਂ 5:11; ਤੀਤੁਸ 3:10; 2 ਥੱਸਲੁਨੀਕੀਆਂ 3:6–15; 2 ਯੂਹੰਨਾ 9–11)। ਇਨ੍ਹਾਂ ਵਿੱਚੋਂ ਕੋਈ ਵੀ ਕੰਮ ਜਾਂ ਹੋਰ ਕੋਈ ਵੀ ਕੰਮ ਜੋ ਪਰਮੇਸ਼ੁਰ ਦੀ ਸਿੱਖਿਆ ਦੇ ਵਿਰੁੱਧ ਹੁੰਦਾ ਹੈ ਉਸ ਨੂੰ ਕਸੂਤਾ ਮੰਨਿਆ ਜਾਂਦਾ ਹੈ।

2 ਥੱਸਲੁਨੀਕੀਆਂ 3 ਵਿੱਚ, ਇੱਥੇ ਇੱਕ ਖਾਸ ਸਮੱਸਿਆ ਹੈ ਜਿਸ ਨੂੰ ਪੌਲੁਸ ਸੰਬੋਧਤ ਕਰ ਰਿਹਾ ਹੈ। ਥੱਸਲੁਨੀਕਾ ਦੇ ਕੁਝ ਮਸੀਹੀਆਂ ਨੇ ਪੌਲੁਸ ਦੀ ਦੂਸਰੀ ਆਮਦ ਦੀ ਸਿੱਖਿਆ ਨੂੰ ਗਲਤ ਤਰੀਕੇ ਦੇ ਨਾਲ ਸਮਝ ਲਿਆ ਸੀ (2 ਥੱਸਲੁਨੀਕੀਆਂ 2:1–5)। ਉਹ ਪੂਰੀ ਤਰ੍ਹਾਂ ਕੰਮ ਕਰਨ ਤੋਂ ਹਟ ਗਏ ਅਤੇ ਦੂਜਿਆਂ ਦੇ ਸਹਾਰੇ ਜੀਊਣਾ ਸ਼ੁਰੂ ਕਰ ਦਿੱਤਾ (ਆਇਤ 8)। ਅਇਤ 11 ਵਿੱਚ, ਪੌਲੁਸ ਨੇ ਕਿਹਾ, "ਕਿਉਂ ਜੋ ਅਸੀਂ ਸੁਣਦੇ ਹਾਂ ਭਈ ਕਈਕੁ ਤੁਹਾਡੇ ਵਿੱਚੋਂ ਕਸੂਤੇ ਚੱਲਦੇ ਅਤੇ ਕੁਝ ਕੰਮ ਧੰਦਾ ਨਹੀਂ ਕਰਦੇ ਸਗੋਂ ਪਰਾਏ ਕੰਮ ਵਿੱਚ ਲੱਤ ਅੜਾਉਂਦੇ ਹਨ।" RSV ਅਨੁਵਾਦ ਕਹਿੰਦਾ ਹੈ ਉਹ "ਆਲਸ ਵਿੱਚ ਰਹਿਣ ਵਾਲੇ।" ਪੌਲੁਸ ਨੇ ਹਿਦਾਇਤ ਕੀਤੀ ਕਿ ਇਨ੍ਹਾਂ ਨੂੰ ਸਲਾਹ ਦਿੱਤੀ ਜਾਵੇ, ਭੌਤਿਕ ਮਦਦ ਨਾ ਕੀਤੀ ਜਾਵੇ (ਆਇਤ 15)। ਮਾਪਿਆਂ ਲਈ ਜ਼ਰੂਰੀ ਹੈ ਕਿ ਆਪਣੇ ਬੱਚਿਆਂ ਨੂੰ ਆਲਸੀ ਨਾ ਬਣਨ ਦੀ ਸਿੱਖਿਆ ਦੇਣ। ਕਲੀਸਿਯਾ ਦੇ ਆਗੂਆਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਮੈਂਬਰਾਂ ਨੂੰ ਆਲਸੀ ਨਾ ਹੋਣ ਦੀ ਸਿੱਖਿਆ ਦੇਣ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਆਪਣੇ ਨਾਗਰਿਕਾਂ ਨੂੰ ਸਿਖਾਵੇ ਕਿ ਆਪਣੇ ਆਪ ਦੀ ਜ਼ਿੰਮੇਵਾਰੀ ਆਪ ਚੁੱਕਣ।

*"ਕਸੂਤਾ ਜੀਵਨ": ਰਸੂਲਾਂ ਦੀ ਸਿੱਖਿਆ ਦਾ ਉਲੰਘਣ।* ਜਦੋਂ ਪੌਲੁਸ ਥੱਸਲੁਨੀਕੇ ਵਿੱਚ ਸੀ, ਤਾਂ ਉਸ ਨੇ ਵਿਅਕਤੀਗਤ ਤੌਰ ਤੇ ਉਨ੍ਹਾਂ ਨੂੰ ਸਿੱਖਿਆ ਅਤੇ ਰਵਾਇਤਾਂ ਦਿੱਤੀਆਂ (ਆਇਤ 6)। ਕਸੂਤਾ ਵਿਵਹਾਰ ਜਿਸ ਦਾ ਉਸ ਨੇ ਇੱਥੇ ਜ਼ਿਕਰ ਕੀਤਾ ਹੈ ਉਨ੍ਹਾਂ ਮੌਖਿਕ ਸਿੱਖਿਆਵਾਂ ਦਾ ਉਲੰਘਣ ਕੀਤਾ ਸੀ ਜੋ ਉਸ ਨੇ ਉਨ੍ਹਾਂ ਨੂੰ ਦਿੱਤੀਆਂ ਸਨ।

ਕਈ ਵਾਰ ਪੌਲੁਸ ਨੇ ਆਲਸ ਜਾਂ ਕਸੂਤੇ ਵਿਵਹਾਰ ਦੇ ਵਿਰੁੱਧ ਆਪਣੀ ਮੌਖਿਕ ਸਿੱਖਿਆ ਵੱਲ ਇਸ਼ਾਰਾ ਕੀਤਾ। ਆਇਤ 6 ਵਿੱਚ, ਉਸ ਨੇ ਹੁਕਮ ਦਿੱਤਾ ਕਿ ਭਾਈ ਕਸੂਤੇ ਲੋਕਾਂ ਤੋਂ "ਦੂਰ ਰਹਿਣ" ਅਤੇ "ਉਸ ਰਵਾਇਤ ਦੇ ਅਨੁਸਾਰ ਚੱਲਣ ਜੋ [ਉਨ੍ਹਾਂ] [ਉਸ] ਦੇ ਕੋਲੋਂ ਪਾਈ।" ਆਇਤ 10 ਵਿੱਚ, ਉਸ ਨੇ ਕਿਹਾ, "ਕਿਉਂਕਿ ਜਦ ਅਸੀਂ ਤੁਹਾਡੇ ਕੋਲ ਸਾਂ ਤਦ ਵੀ ਤੁਹਾਨੂੰ ਇਹ ਹੁਕਮ ਦਿੱਤਾ ਸੀ ਭਈ ਜੇ ਕੋਈ ਕੰਮ ਧੰਦਾ ਕਰਨੋਂ ਨੱਕ ਵੱਟਦਾ ਹੈ ਤਾਂ ਰੋਟੀ ਵੀ ਨਾ ਖਾਵੇ।" 1 ਥੱਸਲੁਨੀਕੀਆਂ 4:11 ਵਿੱਚ, ਪੌਲੁਸ ਨੇ ਕਲੀਸਿਯਾ ਨੂੰ ਯਾਦ ਕਰਵਾਇਆ "ਚੁੱਪ-ਚਾਪ ਰਹਿਣ ਅਤੇ ਆਪੋ [ਆਪੋ-ਆਪਣੇ] ਧੰਦੇ ਕਰਨ ਅਤੇ [ਆਪਣੇ] ਹੱਥੀਂ ਮਿਹਨਤ ਕਰਨ ਦੀ ਧਾਰਨਾ ਧਾਰੋ।" 2 ਥੱਸਲੁਨੀਕੀਆਂ 3:12 ਵਿੱਚ, ਪੌਲੁਸ ਨੇ ਮਿਲਦੀ ਜੁਲਦੀ ਉਦਾਹਰਣ ਨੂੰ

ਦੁਹਰਾਇਆ, "ਹੁਣ ਅਸੀਂ ਪ੍ਰਭੂ ਯਿਸੂ ਮਸੀਹ ਵਿੱਚ ਏਹੋ ਜੇਹਿਆਂ ਨੂੰ ਹੁਕਮ ਦਿੰਦੇ ਅਤੇ ਤਗੀਦ ਕਰਦੇ ਹਾਂ ਜੋ ਓਹ ਚੁੱਪ-ਚਾਪ ਕੰਮ ਧੰਦਾ ਕਰ ਕੇ ਆਪਣੀ ਰੋਟੀ ਖਾਇਆ ਕਰਨ।"

ਮਿਹਨਤ ਦੇ ਲਈ ਉਸ ਦੇ ਸਿੱਧੇ ਹੁਕਮਾਂ ਦੇ ਨਾਲ ਨਾਲ, ਪੌਲੁਸ ਨੇ ਕਲੀਸਿਯਾ ਨੂੰ ਇਹ ਵੀ ਕਿਹਾ ਕਿ ਉਹ ਉਸ ਦੇ ਅਨੁਸਾਰ ਚੱਲਣ (ਆਇਤਾਂ 7–9; 1 ਕੁਰਿੰਥੀਆਂ 11:1)। ਇੱਕ ਦਰਜ਼ੀ ਦੇ ਸਮਾਨ ਜੋ ਇੱਕ ਨਮੂਨੇ ਤੋਂ ਇੱਕ ਪੁਸ਼ਾਕ ਤਿਆਰ ਕਰਦਾ ਹੈ, ਪੌਲੁਸ ਚਾਹੁੰਦਾ ਸੀ ਕਿ ਥੱਸਲੁਨੀਕੇ ਦੇ ਮਸੀਹੀ ਉਸ ਦੇ ਨਮੂਨੇ ਦੇ ਅਨੁਸਾਰ ਆਪਣੇ ਜੀਵਨ ਗੁਜ਼ਾਰਨ। ਪੌਲੁਸ ਉਨ੍ਹਾਂ ਦੇ ਦਰਮਿਆਨ ਕਿਵੇਂ ਰਿਹਾ ਸੀ? ਉਸ ਨੇ ਸਖਤ ਮਿਹਨਤ ਕੀਤੀ ਤਾਂ ਕਿ ਉਹ ਕਿਸੇ ਤੇ "ਬੋਝ" ਨਾ ਬਣੇ (ਆਇਤ 8)। ਭਾਵੇਂ ਉਸ ਨੂੰ ਕਲੀਸਿਯਾ ਦੇ ਕੋਲੋਂ ਮਦਦ ਮੰਗਣ ਦਾ ਅਧਿਕਾਰ ਸੀ (1 ਕੁਰਿੰਥੀਆਂ 9:1–14), ਉਸ ਨੇ ਕਲੀਸਿਯਾ ਦੇ ਲਈ ਇੱਕ "ਨਮੂਨਾ" ਬਣਨ ਦੇ ਲਈ ਉਸ ਅਧਿਕਾਰ ਨੂੰ ਛੱਡ ਦਿੱਤਾ ਸੀ (ਆਇਤ 9)। ਉਨ੍ਹਾਂ ਦੇ ਨਾਲ ਰਹਿੰਦਿਆਂ ਉਸ ਨੇ ਸਖਤ ਮਿਹਨਤ ਕੀਤੀ ਤਾਂ ਕਿ ਉਹ ਉਨ੍ਹਾਂ ਦੀਆਂ ਆਤਮਿਕ ਲੋੜਾਂ ਨੂੰ ਪੂਰਾ ਕਰ ਸਕੇ ਅਤੇ ਆਪਣਾ ਬੋਝ ਆਪ ਚੁੱਕ ਸਕੇ। ਕਸੂਤੇ ਲੋਕ ਪੌਲੁਸ ਦੀ ਉਦਾਹਰਣ ਨੂੰ ਜੋ ਉਸ ਨੇ ਸਿਖਾਇਆ ਅਤੇ ਜਿਸ ਪ੍ਰਕਾਰ ਉਸ ਨੇ ਜੀਵਨ ਗੁਜ਼ਾਰਿਆ ਸੀ ਉਸ ਨੂੰ ਨਜ਼ਰਅੰਦਾਜ਼ ਕਰਦੇ ਸਨ। ਉਹ ਪੌਲੁਸ ਨੂੰ ਬਹੁਤ ਹੀ ਘੱਟ ਆਦਰ ਦਿੰਦੇ ਸਨ ਅਤੇ ਉਸ ਤੋਂ ਵੀ ਘੱਟ ਆਦਰ ਉਹ ਉਸ ਦੇ ਭੇਜਣ ਵਾਲੇ ਨੂੰ ਦਿੰਦੇ ਸਨ।

*ਕਸੂਤੇ ਜੀਵਨ ਦੇ ਵਿਸ਼ੇ ਵਿੱਚ ਪਰਮੇਸ਼ੁਰ ਦੇ ਹੁਕਮ।* "ਕਸੂਤਾ ਚੱਲਣ ਵਾਲੇ ਲੋਕਾਂ ਨੂੰ" ਪੌਲੁਸ ਨੇ ਹੁਕਮ ਦਿੱਤਾ ਕਿ ਉਹ "ਚੁੱਪ ਚਾਪ ਕੰਮ ਧੰਦਾ ਕਰ ਕੇ ਆਪਣੀ ਰੋਟੀ ਖਾਇਆ ਕਰਨ" (ਆਇਤ 12)। ਉਨ੍ਹਾਂ ਨੂੰ ਅਵਾਰਾਗਰਦੀ ਜਾਂ ਗੱਪਾਂ ਨੂੰ ਛੱਡ ਕੇ ਕੰਮ ਸ਼ੁਰੂ ਕਰਨ ਦੀ ਲੋੜ ਸੀ। ਉਨ੍ਹਾਂ ਨੂੰ ਆਪਣੀਆਂ ਜ਼ਿੰਮੇਵਾਰੀਆਂ ਆਪ ਚੁੱਕਣ ਦੀ, ਲੋੜ ਸੀ, ਆਪਣੇ ਜੀਵਨਾਂ ਵਿੱਚ ਮਸੀਹੀ ਸਿੱਖਿਆਵਾਂ ਨੂੰ ਕਾਇਮ ਰੱਖਣ ਦੀ ਲੋੜ ਸੀ।

ਵਫ਼ਾਦਾਰ ਮਸੀਹੀਆਂ ਨੂੰ, ਪੌਲੁਸ ਨੇ ਕਿਹਾ, "ਪਰ ਤੁਸੀਂ ਭਰਾਵੋ, ਭਲਿਆਈ ਕਰਦਿਆਂ ਹੌਂਸਲਾ ਨਾ ਹਾਰੋ। ਅਤੇ ਜੇ ਕੋਈ ਇਸ ਪੱਤ੍ਰੀ ਵਿੱਚ ਲਿਖੇ ਹੋਏ ਸਾਡੇ ਬਚਨ ਨੂੰ ਨਾ ਮੰਨੇ ਤਾਂ ਉਹ ਦਾ ਧਿਆਨ ਰੱਖਣਾ ਜੋ ਉਹ ਦੀ ਸੰਗਤ ਨਾ ਕਰੋ ਭਈ ਉਹ ਲੱਜਿਆਵਾਨ ਹੋਵੇ" (ਆਇਤਾਂ 13, 14)। ਇਹ ਹਿਦਾਇਤ ਕਲੀਸਿਯਾ ਦੇ ਹਰ ਇੱਕ ਮੈਂਬਰ ਦੇ ਲਈ ਸੀ। ਉਸ ਨੇ ਉਨ੍ਹਾਂ ਨੂੰ ਉਤਸ਼ਾਹਿਤ ਕੀਤਾ ਕਿ "ਹੌਂਸਲਾ ਨਾ ਹਾਰੋ" ਅਤੇ ਬੁਰੇ ਵਿਵਹਾਰ ਨੂੰ ਨਜ਼ਰਅੰਦਾਜ਼ ਕਰੋ, ਪਰ ਇਸ ਤੇ "ਵਿਸ਼ੇਸ਼ ਧਿਆਨ ਦਿਓ" ਤਾਂ ਕਿ ਕਲੀਸਿਯਾ ਕਸੂਤੇਪਨ ਦੇ ਨਾਲ ਸਹੀ ਢੰਗ ਦੇ ਨਾਲ ਨਜਿੱਠ ਸਕੇ।

ਅੱਜ ਦੀ ਸੰਸਕ੍ਰਿਤੀ ਕਿਸੇ ਨੂੰ ਵੀ ਜੋ ਦੂਸਰੇ ਨੂੰ ਸੁਧਾਰਣ, ਝਿੜਕਣ, ਜਾਂ ਅਨੁਸ਼ਾਸ਼ਿਤ ਕਰਨ ਦੀ ਕੋਸ਼ਿਸ਼ ਕਰਦਾ ਹੈ ਠੁਕਰਾ ਦਿੰਦੀ ਹੈ। ਪਰ, ਬਾਈਬਲ ਸਾਨੂੰ ਸਾਫ ਅਤੇ ਸਿੱਧੇ ਉਪਾਅ ਪ੍ਰਦਾਨ ਕਰਦੀ ਹੈ ਕਿ ਕਿਵੇਂ ਇੱਕ ਭਾਈ ਜਾਂ ਭੈਣ ਨੂੰ ਲੋੜ ਪੈਣ ਤੇ ਅਨੁਸ਼ਾਸਿਤ ਕੀਤਾ ਜਾ ਸਕਦਾ ਹੈ। ਸਾਨੂੰ ਇਸ ਗੱਲ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਅਨੁਸ਼ਾਸਨ ਕਸੁਤੇ ਵਿਅਕਤੀ ਦੀ ਭਲਾਈ ਲਈ ਹੁੰਦਾ ਹੈ, ਨਾ ਕਿ ਉਨ੍ਹਾਂ ਦੇ ਲਾਭ ਦੇ ਲਈ ਜੋ ਲੋਕ ਪ੍ਰਸ਼ਾਸਨ ਕਰਦੇ ਹਨ।

ਨਵਾਂ ਨੇਮ ਸਾਨੂੰ ਸਿਖਾਉਂਦਾ ਹੈ ਕਿ ਇੱਕ ਸਾਥੀ ਮਸੀਹੀ ਨੂੰ ਪਿਆਰ ਅਤੇ ਦਯਾ ਦੇ ਦੇ ਦੁਆਰਾ ਝਿੜਕਿਆ ਜਾਣਾ ਚਾਹੀਦਾ ਹੈ। ਦੂਸਰਾ ਥੱਸਲੁਨੀਕੀਆਂ 3:15 ਕਹਿੰਦੀ ਹੈ, "ਤਾਂ ਵੀ ਉਸ ਨੂੰ ਵੈਰੀ ਕਰਕੇ ਨਾ ਜਾਣੋ ਸਗੋਂ ਭਰਾ ਕਰਕੇ ਸਮਝਾਓ।" ਮੱਤੀ 18 ਵਿੱਚ, ਯਿਸੂ ਨੇ ਸਿਖਾਇਆ ਕਿ ਇੱਕ ਕਸੂਤੇ ਭਾਈ ਨੂੰ ਪਹਿਲਾਂ ਵਿਅਕਤੀਗਤ ਤੌਰ ਤੇ ਸਮਝਾਇਆ ਜਾਵੇ,

ਫਿਰ ਇੱਕ ਜਾਂ ਦੋ ਗਵਾਹਾਂ ਦੇ ਸਾਹਮਣੇ ਉਸ ਨੂੰ ਚਿਤਾਰਿਆ ਜਾਵੇ, ਅਤੇ ਅੰਤ ਵਿੱਚ ਜੇਕਰ ਚੇਤਾਵਨੀ ਦਾ ਕੁਝ ਅਸਰ ਨਹੀਂ ਹੋਇਆ, ਤਾਂ ਮਾਮਲੇ ਨੂੰ ਕਲੀਸਿਯਾ ਦੇ ਸਾਹਮਣੇ ਲਿਆਂਦਾ ਜਾਵੇ। ਗਲਾਤੀਆਂ 6:1 ਵਿੱਚ, ਪੌਲੁਸ ਲਿਖਦਾ ਹੈ ਕਿ ਜੇ ਕੋਈ ਮਨੁੱਖ ਕਿਸੇ ਅਪਰਾਧ ਵਿੱਚ ਫੜਿਆ ਵੀ ਜਾਵੇ ਤਾਂ ਤੁਸੀਂ ਜਿਹੜੇ ਆਤਮਿਕ ਹੋ ਅਜਿਹੇ ਮਨੁੱਖ ਨੂੰ "ਨਰਮਾਈ ਦੇ ਸੁਭਾਉ" ਨਾਲ ਸੁਧਾਰੋ।

ਜੇਕਰ ਕੋਈ ਵਿਅਕਤੀ ਬਦਲਣ ਤੋਂ ਇਨਕਾਰ ਕਰੇ ਤਾਂ ਕੀ ਕਰਨਾ ਚਾਹੀਦਾ ਹੈ? ਫਿਰ, ਪੌਲੁਸ ਨੇ ਕਿਹਾ, "ਉਹ ਦੀ ਸੰਗਤ ਨਾ ਕਰੋ" (ਆਇਤ 14)। ਇਸ ਵਿੱਚ ਇੱਕ ਜਨਤਕ ਘੋਸ਼ਣਾ ਵੀ ਸ਼ਾਮਲ ਹੋ ਸਕਦੀ ਹੈ (ਵੇਖੋ 1 ਕੁਰਿੰਥੀਆਂ 5:4, 5)। ਇਸ ਵਿੱਚ ਉਸ ਨੂੰ ਹੋਰ ਅੱਗੇ ਸਲਾਹ ਦੇਣਾ ਛੱਡ ਕੇ ਉਸ ਦੇ ਨਾਲ ਸੰਗਤੀ ਕਰਨਾ ਬੰਦ ਕਰ ਦੇਣਾ ਸ਼ਾਮਲ ਹੈ।

ਇਸ ਪ੍ਰਕਾਰ ਦੇ ਕਠੋਰ ਕਦਮ ਕਿਉਂ? ਪਹਿਲਾ ਉਦੇਸ਼ "ਕਸੂਤੇ" ਨੂੰ ਬਚਾਉਣਾ ਹੈ, "ਭਈ ਉਹ ਦਾ ਆਤਮਾ ਪ੍ਰਭੂ ਯਿਸੂ ਦੇ ਦਿਨ ਬਚ ਜਾਵੇ" (1 ਕੁਰਿੰਥੀਆਂ 5:5)। ਇੱਕ ਮਨੁੱਖ ਨੂੰ ਇਸ ਆਸ ਦੇ ਨਾਲ ਚਰਚ ਵਿੱਚੋਂ ਕੱਢ ਦਿੱਤਾ ਜਾਂਦਾ ਹੈ ਕਿ ਉਹ ਉਸ ਸੰਗਤੀ ਨੂੰ ਯਾਦ ਕਰੇ ਜਿਸ ਵਿੱਚ ਉਹ ਪਹਿਲਾਂ ਸੀ ਅਤੇ ਇੱਕ ਬਦਲੇ ਹੋਏ ਮਨ ਦੇ ਨਾਲ ਮਸੀਹ ਅਤੇ ਕਲੀਸਿਯਾ ਦੇ ਵਿੱਚ ਵਾਪਸ ਮੁੜ ਆਵੇ। ਦੂਸਰਾ ਉਦੇਸ਼ ਕਲੀਸਿਯਾ ਨੂੰ ਸ਼ੁੱਧ ਰੱਖਣਾ ਹੈ। ਪੌਲੁਸ ਨੇ ਲਿਖਿਆ, "ਕੀ ਤੁਸੀਂ ਨਹੀਂ ਜਾਣਦੇ ਜੋ ਥੋੜਾ ਜਿਹਾ ਖਮੀਰ ਸਾਰੀ ਤੌਣ ਨੂੰ ਖਮੀਰਿਆਂ ਕਰ ਦਿੰਦਾ ਹੈ?" (1 ਕੁਰਿੰਥੀਆਂ 5:6)। ਇੱਕ ਛੋਟਾ ਜਿਹਾ ਪਾਪ ਜਿਸ ਲਈ ਤਾੜਨਾ ਨਾ ਕੀਤੀ ਗਈ ਹੋਵੇ ਉਹ ਇੱਕ ਵੱਡੀ ਕਲੀਸਿਯਾ ਨੂੰ ਭ੍ਰਿਸ਼ਟ ਕਰ ਸਕਦਾ ਹੈ।

ਜੇਕਰ ਕੋਈ ਕੱਢ ਦਿੱਤੇ ਜਾਣ ਦੇ ਸਿਧਾਂਤ ਵਿੱਚ ਵਿਸ਼ਵਾਸ ਨਾ ਰੱਖਦਾ ਹੋਵੇ ਤਾਂ ਕੀ ਹੋਵੇਗਾ? ਇਨ੍ਹਾਂ ਸਿੱਖਿਆਵਾਂ ਨੂੰ ਰੱਦਣ ਦਾ ਅਰਥ ਹੈ ਕਿ ਕੋਈ ਆਪਣੇ ਆਪ ਨੂੰ ਯਿਸੂ ਅਤੇ ਉਸ ਦੇ ਰਸੂਲਾਂ ਦੀਆਂ ਸਿੱਖਿਆਵਾਂ ਤੋਂ ਉੱਪਰ ਰੱਖਦਾ ਹੈ। ਪੌਲੁਸ ਨੇ ਮਸੀਹ ਦੇ ਅਧਿਕਾਰ ਦੇ ਦੁਆਰਾ ਲਿਖਿਆ ਸੀ, "ਹੁਣ ਹੇ ਭਰਾਵੋ, *ਪ੍ਰਭੂ ਯਿਸੂ ਮਸੀਹ ਦੇ ਨਾਮ* ਉੱਤੇ" (ਆਇਤ 6; ਜ਼ੋਰ ਦਿੱਤਾ ਗਿਆ ਹੈ)। ਕੁਝ ਹੀ ਕਲੀਸਿਯਾਵਾਂ ਹਨ ਜੋ ਕੱਢ ਦੇਣ ਦੇ ਸਿਧਾਂਤ ਨੂੰ ਅਮਲ ਵਿੱਚ ਲਿਆਉਂਦੀਆਂ ਹਨ, ਪਰ ਪਵਿੱਤਰ ਬਾਈਬਲ ਦੀ ਸਿੱਖਿਆ ਸਾਫ ਹੈ। ਜਦੋਂ ਪਵਿੱਤਰ ਸ਼ਾਸਤਰ ਦੇ ਅਨੁਸਾਰ ਉਚਿਤ ਹੋ ਜਾਵੇਗਾ ਤਾਂ ਆਗਿਆਕਾਰੀ ਚਰਚ ਪਾਪੀ ਦੀ ਅਤੇ ਪ੍ਰਭੂ ਦੇ ਚਰਚ ਦੀ ਭਲਾਈ ਦੇ ਲਈ ਅਨੁਸ਼ਾਸਨ ਦੇ ਕਦਮ ਚੁੱਕਣਗੇ।

ਕੀ ਅਸੀਂ ਵਿਸ਼ਵਾਸ ਕਰਦੇ ਹਾਂ ਕਿ ਪਰਮੇਸ਼ੁਰ ਕੋਰਹ, ਦਾਥਾਨ, ਅਤੇ ਅਬੀਰਾਮ ਦੇ ਨਾਲ ਪਿਆਰ ਨਹੀਂ ਕਰਦਾ ਸੀ? ਬੇਸ਼ੱਕ ਪਰਮੇਸ਼ੁਰ ਉਨ੍ਹਾਂ ਦੇ ਨਾਲ ਪਿਆਰ ਕਰਦਾ ਸੀ, ਪਰ ਉਸ ਨੇ ਉਨ੍ਹਾਂ ਨੂੰ ਨਾਸ਼ ਕਰ ਦਿੱਤਾ ਕਿਉਂਕਿ ਉਨ੍ਹਾਂ ਦੀ ਬਗਾਵਤ ਫੈਲਣ ਵਾਲੀ ਸੀ। ਅਨੁਸ਼ਾਸਨ ਪਾਪੀ ਅਤੇ ਚਰਚ ਦੋਵਾਂ ਦੇ ਭਲੇ ਲਈ ਹੈ। ਪਰਮੇਸ਼ੁਰ ਇਸ ਗੱਲ ਨੂੰ ਤਰਜੀਹ ਦਿੰਦਾ ਹੈ ਕਿ ਕਲੀਸਿਯਾ ਵਿੱਚੋਂ ਕੁਝ ਲੋਕ ਬਚਾਏ ਜਾਣ ਬਜਾਇ ਇਸ ਦੇ ਕਿ ਅਸੀਂ ਸਾਰੇ ਹੀ ਨਾਸ ਹੋ ਜਾਈਏ। ਪਰਮੇਸ਼ੁਰ ਸਾਡੀ ਮਦਦ ਕਰੇ ਕਿ ਅਸੀਂ ਉਸ ਨੂੰ ਗੰਭੀਰ ਲਈਏ ਅਤੇ ਉਸ ਦੇ ਹੁਕਮਾਂ ਦੀ ਪਾਲਣਾ ਕਰੀਏ! EE

**ਇੱਕ ਵਿਦਾਈ ਦਾ ਸੰਦੇਸ਼ (3:13-15)**

ਅੰਤਿਮ ਸ਼ਬਦ। ਜੋ ਸਾਡੇ ਨਾਲ ਇੱਕ ਲੰਬੇ ਸਮੇਂ ਤੋਂ ਰਹਿ ਰਹੇ ਹਨ ਅਤੇ ਅਤੇ ਜੋ ਅਸੀਂ ਦੇ ਸਕਦੇ ਹਾਂ ਉਸ ਵਿੱਚੋਂ ਸਭ ਤੋਂ ਮਹੱਤਵਪੂਰਣ ਹਨ। ਇਸ ਪ੍ਰਕਾਰ ਉਨ੍ਹਾਂ ਦਾ ਇੱਕ

ਮਹੱਤਵਪੂਰਣ ਅਤੇ ਲੰਬਾ ਜੀਵਨ ਹੈ। ਪਿਆਰੇ ਥੱਸਲੁਨੀਕੇ ਦੇ ਮਸੀਹੀਆਂ ਦੇ ਲਈ ਪੌਲੁਸ ਦੇ ਕੁਝ ਅੰਤਿਮ ਸ਼ਬਦ ਕਿਹੜੇ ਹਨ?

*"ਭਲਿਆਈ ਕਰਦਿਆਂ ਹੌਂਸਲਾ ਨਾ ਹਾਰੋ।"* "ਥੱਕ ਨਾ ਜਾਣਾ" ਜਿਸ ਦਾ ਅਰਥ ਹੈ "ਦਿਲ ਨਾ ਛੱਡਣਾ।" "ਚੰਗੇ ਕੰਮ ਕਰਨਾ" ਦਾ ਸਧਾਰਣ ਅਰਥ "ਮਹਾਨ ਕੰਮ ਕਰਨੇ" ਹਨ। ਭਾਵੇਂ ਪ੍ਰਭੂ ਦੇ ਆਉਣ ਵਿੱਚ ਜਿੰਨੀ ਮਰਜ਼ੀ ਦੇਰ ਹੋ ਜਾਵੇ, ਅਤੇ ਲੋਕ ਭਾਵੇਂ ਕਿੰਨੀ ਬੁਰਾਈ ਵਿੱਚ ਚਲੇ ਜਾਣ, ਪਰ ਸਾਨੂੰ ਨਿਰੰਤਰ ਉੱਤਮ ਮਾਨਕਾਂ ਦੇ ਅਨੁਸਾਰ ਆਪਣੇ ਆਪ ਨੂੰ ਸੰਚਾਲਿਤ ਕਰਨਾ ਚਾਹੀਦਾ ਹੈ।

*"ਅਣਆਗਿਆਕਾਰੀ ਨਾ ਬਣੋ।"* ਪੌਲੁਸ ਨੇ ਪੱਤ੍ਰੀ ਨੂੰ ਆਤਮਾ ਦੀ ਪ੍ਰੇਰਣਾ ਦੇ ਨਾਲ ਲਿਖੀ ਹੋਈ ਹੋਣ ਦਾ ਸਨਮਾਨ ਦਿੱਤਾ। ਜਿਸ ਦੀ ਉਨ੍ਹਾਂ ਨੇ ਪਾਲਣਾ ਕਰਨੀ ਸੀ। ਇਸ ਲਈ ਉਸ ਨੇ ਉਨ੍ਹਾਂ ਨੂੰ ਕਿਹਾ, "ਜੋ ਮੈਂ ਤੈਨੂੰ ਹੁਕਮ ਦਿੱਤਾ ਹੈ ਉਸ ਨੂੰ ਮੰਨਣਾ ਯਕੀਨੀ ਬਣਾਓ।"

*"ਇੱਕ ਦੂਜੇ ਨਾਲ ਗੂੜਾ ਪ੍ਰੇਮ ਰੱਖੋ*।" ਪੌਲੁਸ ਦਾ ਸੰਬੰਧ ਚਰਚ ਦੇ ਨਾਲ ਸੀ ਕਿ ਜਦੋਂ ਜਿੱਦੀ ਅਪਰਾਧੀ ਉਸ ਦੇ ਹੁਕਮਾਂ ਦਾ ਜ਼ਿਆਦਾ ਅਨਾਦਰ ਕਰਦੇ ਸਨ ਚਰਚ ਨੂੰ ਇਸ ਮਾਮਲੇ ਦੇ ਵਿੱਚ ਕਿਹੋ ਜਿਹੀ ਪ੍ਰਤਿਕਿਰਿਆ ਕਰਨੀ ਚਾਹੀਦੀ ਸੀ। ਉਸ ਦੀਆਂ ਹਿਦਾਇਤਾਂ ਤਿੰਨ ਪਰਤੀ ਸਨ। (1) ਅਣਆਗਿਆਕਾਰੀ ਦਾ ਧਿਆਨ ਰੱਖੋ (ਆਇਤ 14)। ਕਿਰਿਆ "ਧਿਆਨ ਰੱਖੋ" ਦਾ ਅਰਥ ਹੈ ਕਿਸੇ ਚੀਜ਼ ਤੇ ਚੰਗੀ ਤਰ੍ਹਾਂ ਨਾਲ ਨਿਸ਼ਾਨ ਲਗਾਉਣਾ ਜਿਵੇਂ ਕਿਸੇ ਚੀਜ਼ ਉੱਤੇ ਛਾਪ ਲਗਾਈ ਜਾਂਦੀ ਹੈ। ਚਰਚ ਨੇ ਉਸ ਦੇ ਉੱਤੇ ਨਾ ਮੰਜ਼ੂਰੀ ਦੀ ਛਾਪ ਲਗਾਉਣੀ ਸੀ। (2) ਮਸੀਹੀਆਂ ਨੇ ਇਨ੍ਹਾਂ ਹੁਕਮਾਂ ਦੀ ਅਣਆਗਿਆਕਾਰੀ ਕਰਨ ਵਾਲਿਆਂ ਦੇ ਨਾਲ "ਸੰਗਤ ਨਹੀਂ ਕਰਨੀ ਸੀ" (ਆਇਤ 14)। ਯੂਨਾਨੀ ਭਾਸ਼ਾ ਵਿੱਚ ਵਾਕ ਦਾ ਸ਼ਾਬਦਿਕ ਅਰਥ ਹੈ "ਉਸ ਦੇ ਨਾਲ ਆਪਣੇ ਆਪ ਨੂੰ ਨਾ ਮਿਲਾਓ।" (3) ਪਾਪੀ ਭਾਈ ਨੂੰ ਚੇਤਾਵਨੀ ਦਿੱਤੀ ਜਾ ਰਹੀ ਸੀ। ਕਿਰਿਆ ਦਾ ਅਰਥ ਹੈ "ਉਸ ਨੂੰ ਸੱਚਮੁੱਚ ਮਨ ਵਿੱਚ ਰੱਖੋ।" ਜਦੋਂ ਇਹ ਤਿੰਨੇ ਹਿਦਾਇਤਾਂ ਨੂੰ ਇਕੱਠਾ ਕੀਤਾ ਜਾਂਦਾ ਹੈ, ਤਾਂ ਸਾਨੂੰ ਇੱਕ ਸਪੱਸ਼ਟ, ਅਤੇ ਟਿਕਾਊ ਪ੍ਰੇਮ ਦਾ ਭਾਵ ਪ੍ਰਾਪਤ ਹੁੰਦਾ ਹੈ।

ਮਸੀਹ ਦੇ ਲਈ ਜੀਉਣ ਦੀ ਪੌਲੁਸ ਦੀ ਯੋਜਨਾ ਕੀ ਹੈ? ਪਰਮੇਸ਼ੁਰ ਦੇ ਵਚਨ ਦੀ ਅਣਆਗਿਆਕਾਰੀ ਨਾ ਕਰੋ, ਇੱਕ ਦੂਜੇ ਦੇ ਨਾਲ ਅਜਿਹਾ ਪ੍ਰੇਮ ਕਰੋ ਜੋ ਗਲਤੀ ਨੂੰ ਸੁਧਾਰਣ ਵਾਲਾ ਹੋਵੇ, ਅਤੇ ਆਪਣੇ ਚੰਗੇ ਜੀਵਨ ਅਤੇ ਕੰਮਾਂ ਦੇ ਵਿੱਚ ਨਿਰਾਸ਼ ਨਾ ਹੋਵੋ। EC

**ਇੱਕ ਆਸ਼ੀਰਵਾਦ (3:16, 17)**

ਇੱਕ ਆਸ਼ੀਰਵਾਦ ਦੇ ਸ਼ਬਦ ਆਮ ਤੌਰ ਤੇ ਇੱਕ ਸਭਾ ਦੇ ਅੰਤ ਵਿੱਚ ਬੋਲੇ ਜਾਂਦੇ ਹਨ। ਇਹ ਸ਼ਬਦ ਪੌਲੁਸ ਆਪਣੀਆਂ ਪੱਤ੍ਰੀਆਂ ਨੂੰ ਬੰਦ ਕਰਨ ਅਤੇ ਉਨ੍ਹਾਂ ਦੇ ਨਾਲ ਆਪਣਾ ਸਮਾਂ ਗੁਜ਼ਾਰਨਾ ਬੰਦ ਕਰਨ ਦੇ ਸਮੇਂ ਬੋਲਦਾ ਸੀ।

ਚਿੱਠੀ ਵਿੱਚ ਇਸ ਬਿੰਦੂ ਤਕ, ਇੱਕ ਲੇਖਕ ਨੇ ਪੌਲੁਸ ਦੇ ਸ਼ਬਦਾਂ ਨੂੰ ਉਸ ਦੇ ਲਈ ਲਿਖਿਆ ਸੀ। ਹੁਣ ਉਸ ਨੇ ਕਲਮ ਲੈ ਕੇ ਪ੍ਰਾਸੰਗਿਕਤਾ ਨੂੰ ਲਿਖਿਆ। ਉਸ ਨੇ ਕਿਹਾ ਕਿ ਇਹ ਅੰਤਿਮ ਦਸਤਖਤ, ਹਰ ਪੱਤ੍ਰੀ ਵਿੱਚ ਉਸ ਦੀ ਨਿਸ਼ਾਨੀ ਸਨ।

"*ਤੁਹਾਨੂੰ ਸ਼ਾਂਤੀ ਮਿਲੇ।"* ਉਸ ਨੇ ਪ੍ਰਾਰਥਨਾ ਕੀਤੀ ਕਿ ਉਨ੍ਹਾਂ ਨੂੰ ਸ਼ਾਂਤੀ ਮਿਲੇ ਜੋ ਨਿਰੰਤਰ ("ਹਮੇਸ਼ਾ") ਬਣੀ ਰਹੇ ਅਤੇ ਹਾਲਾਤਾਂ ("ਕਿਸੇ ਵੀ ਤਰ੍ਹਾਂ") ਦੇ ਬਦਲਣ ਦੇ ਬਾਵਜੂਦ ਵੀ ਕਦੀ ਨਹੀਂ ਬਦਲਦੀ। ਉਸ ਨੇ ਪ੍ਰਾਰਥਨਾ ਕੀਤੀ ਕਿ ਇਹ ਉਨ੍ਹਾਂ ਦੇ ਦਿਲਾਂ ਵਿੱਚ ਸੀ ਕਿਉਂਕਿ

ਪਰਮੇਸ਼ੁਰ ਦੀ ਹਜ਼ੂਰੀ ਦਿਲਾਂ ਦੇ ਵਿੱਚ ਸੀ ("ਪ੍ਰਭੂ ਤੁਸਾਂ ਸਭਨਾਂ ਦੇ ਅੰਗ ਸੰਗ ਹੋਵੇ")।

*"ਉਸ ਦੀ ਕਿਰਪਾ ਤੁਸਾਂ ਸਭਨਾਂ ਉੱਤੇ ਹੁੰਦੀ ਰਹੇ।"* ਪ੍ਰਭੂ ਦੀ ਕਿਰਪਾ ਦਾ ਅਰਥ ਮਾਫ਼ੀ ਅਤੇ ਮੁਕਤੀ ਹੋਵੇਗਾ।

*"ਪ੍ਰਭੂ ਤੁਸਾਂ ਸਭਨਾਂ ਦੇ ਅੰਗ ਸੰਗ ਹੋਵੇ।"* ਪ੍ਰਭੂ ਦੀ ਹਜ਼ੂਰੀ ਦਾ ਅਰਥ ਸੰਗਤੀ, ਸੁਰੱਖਿਆ, ਅਤੇ ਉਦੇਸ਼ ਹੋਵੇਗਾ। ਪ੍ਰਭੂ ਦੀ ਹਜ਼ੂਰੀ ਦਾ ਅਰਥ ਹੈ ਕਿ ਅਸੀਂ ਉਸ ਦੀ ਇੱਛਾ ਨੂੰ ਪੂਰਾ ਕਰ ਰਹੇ ਹਾਂ ਅਤੇ ਉਸ ਦੇ ਉਦੇਸ਼ ਨੂੰ ਪੂਰਾ ਕਰ ਰਹੇ ਹਾਂ।

ਇਹ ਇੱਛਾ ਵਿੱਚ ਆਤਮਿਕ ਪੂਰਣਤਾ ਅਤੇ ਖੁਸ਼ਹਾਲੀ ਦੇ ਪ੍ਰਦਾਨ ਕੀਤੇ ਜਾਣ ਦੀ ਲੋੜ ਹੋਵੇਗੀ। ਪਰਮੇਸ਼ੁਰ ਦੀ ਕਿਰਪਾ ਸਾਡੇ ਪਾਪਾਂ ਨੂੰ ਢੱਕਦੀ ਹੈ ਅਤੇ ਸਾਨੂੰ ਪਰਮੇਸ਼ੁਰ ਦੇ ਨਾਲ ਸਹੀ ਸੰਬੰਧ ਵਿੱਚ ਲਿਆਉਂਦੀ ਹੈ। ਸ਼ਾਂਤੀ ਪਰਮੇਸ਼ੁਰ ਦੇ ਸਾਹਮਣੇ ਸਾਡੇ ਦਿਲਾਂ ਨੂੰ ਸ਼ਾਂਤ ਕਰਦੀ ਹੈ। ਸਾਡੇ ਜੀਵਨਾਂ ਵਿੱਚ ਯਿਸੂ ਦੀ ਹਜ਼ੂਰੀ ਹਰ ਰੋਜ਼ ਸਾਨੂੰ ਮਕਸਦ ਦੀ ਇੱਕ ਭਾਵਨਾ ਦਿੰਦੀ ਹੈ। ਪੌਲੁਸ ਆਪਣੇ ਪਾਠਕਾਂ ਦੇ ਲਈ ਕੁਝ ਸ਼ਾਨਦਾਰ ਅਤੇ ਉੱਤਮ ਦੀ ਭਾਲ ਕਰ ਰਿਹਾ ਸੀ। EC

**ਸੱਚੀ ਸ਼ਾਂਤੀ (3:16, 17)**

ਜਦੋਂ ਪੌਲੁਸ ਸ਼ਾਂਤੀ ਦੇ ਵਿਸ਼ੇ ਵਿੱਚ ਗੱਲ ਕਰਦਾ ਸੀ, ਤਾਂ ਉਹ ਆਤਮਾ ਅਤੇ ਮਨ ਦੀ ਸ਼ਾਂਤੀ ਦੀ ਗੱਲ ਕਰਦਾ ਸੀ। ਇਹ ਸ਼ਾਂਤੀ ਇੱਕ ਵਿਅਕਤੀ ਦੀ ਪਰਮੇਸ਼ੁਰ ਦੇ ਸਾਹਮਣੇ ਸਥਿਰਤਾ ਨੂੰ ਦਰਸਾਉਂਦੀ ਹੈ ਕਿਉਂਕਿ ਉਹ ਜਾਣਦਾ ਹੈ ਕਿ ਉਹ ਪਰਮੇਸ਼ੁਰ ਦੇ ਨਾਲ ਸਹੀ ਹੈ ਅਤੇ ਉਹ ਪਰਮੇਸ਼ੁਰ ਦੀ ਗੋਦ ਵਿੱਚ ਅਰਾਮ ਦੇ ਨਾਲ ਰਹਿੰਦਾ ਹੈ। ਇਸ ਸੱਚੀ ਸ਼ਾਂਤੀ ਦੇ ਵੱਖ ਵੱਖ ਹਿੱਸੇ ਹੁੰਦੇ ਹਨ।

*ਇੱਕ ਈਸ਼ੁਰੀ ਸੁਭਾਅ।* ਸਿਰਫ ਪਰਮੇਸ਼ੁਰ ਹੀ ਇਹ ਸ਼ਾਂਤੀ ਪ੍ਰਦਾਨ ਕਰ ਸਕਦਾ ਹੈ। ਪ੍ਰਭੂ ਨੇ ਸਾਨੂੰ ਮਾਫ਼ ਕੀਤਾ ਹੈ ਅਤੇ ਉਹ ਸਾਨੂੰ ਪ੍ਰੇਰਣਾ ਦਿੰਦਾ ਹੈ ਕਿ ਅਸੀਂ ਆਪਣੇ ਆਪ ਨੂੰ ਅਤੇ ਦੂਜਿਆਂ ਨੂੰ ਵੀ ਮਾਫ਼ ਕਰੀਏ।

*ਇੱਕ ਨਿਰੰਤਰਤਾ ਦਾ ਗੁਣ।* ਅਸੀਂ ਖੁਸ਼ੀ ਦੇ ਦਿਨ, ਉਦਾਸੀ ਦੇ ਦਿਨ, ਸਧਾਰਣ ਦਿਨ-ਹਰ ਕਿਸਮ ਦੇ ਦਿਨਾਂ ਦਾ ਸਾਹਮਣਾ ਕਰਦੇ ਹਾਂ। ਇਹ ਸ਼ਾਂਤੀ ਉਨ੍ਹਾਂ ਸਾਰੇ ਦਿਨਾਂ ਦੇ ਲਈ ਹੈ, ਭਾਵੇਂ ਉਹ ਕਿਸੇ ਵੀ ਕਿਸਮ ਦੇ ਦਿਨ ਕਿਉਂ ਨਾ ਹੋਣ।

*ਇੱਕ "ਉਦਾਸੀਨ" ਮੌਜੂਦਗੀ।* ਜ਼ਿੰਦਗੀ ਦੇ ਦੁਆਰਾ ਸਾਨੂੰ ਕਈ ਕਿਸਮ ਦੀਆਂ ਸਥਿਤੀਆਂ ਦੇ ਵਿੱਚ ਸੁੱਟਿਆ ਜਾਂਦਾ ਹੈ। ਸਾਡਾ ਆਲਾ-ਦੁਆਲਾ ਦੁਰਾਚਾਰੀ ਅਤੇ ਹਿੰਸਕ ਹੋ ਸਕਦਾ ਹੈ। ਸਾਡੇ ਆਲੇ-ਦੁਆਲੇ ਦੇ ਬਾਵਜੂਦ ਵੀ ਪ੍ਰਭੂ ਦੀ ਸ਼ਾਂਤੀ ਬਣੀ ਰਹਿੰਦੀ ਹੈ।

ਜ਼ਿਆਦਾਤਰ ਹਾਲਾਤਾਂ ਵਿੱਚ, ਸੰਸਾਰ ਕੋਲ ਸਭ ਕੁਝ ਹੈ ਪਰ ਸ਼ਾਂਤੀ ਨਹੀਂ ਹੈ। ਇਸ ਵਿੱਚ ਪੈਸੇ ਦੇ ਨਾਲ ਖਰੀਦੀਆਂ ਜਾਣ ਵਾਲੀਆਂ ਚੀਜ਼ਾਂ ਹਨ, ਉਹ ਚੀਜ਼ਾਂ ਹਨ ਜੋ ਮਿੱਤਰ ਦੇ ਸਕਦੇ ਹਨ, ਅਤੇ ਜੋ ਪਰਿਵਾਰ ਮੁਹੱਈਆ ਕਰ ਸਕਦਾ ਹੈ, ਪਰ ਸੱਚੀ ਸ਼ਾਂਤੀ ਨਹੀਂ ਹੈ। ਸ਼ਾਂਤੀ ਦੀ ਇੱਛਾ ਸਾਡੇ ਮਨ ਦੀਆਂ ਗਹਿਰਾਈਆਂ ਵਿੱਚੋਂ ਨਿਕਲਦੀ ਹੈ; ਕੋਈ ਵੀ ਇਸ ਨੂੰ ਵੇਖ ਨਹੀਂ ਸਕਦਾ ਹੈ, ਪਰ ਅਸੀਂ ਸਾਰੇ ਇਸ ਨੂੰ ਮਹਿਸੂਸ ਕਰ ਸਕਦੇ ਹਾਂ। ਜਦੋਂ ਅਸੀਂ ਸ਼ਾਂਤੀ ਦੀ ਆਪਣੀ ਲੋੜ ਨੂੰ ਸਮਝ ਜਾਂਦੇ ਹਾਂ ਅਤੇ ਇਸ ਗੱਲ ਨੂੰ ਨਹੀਂ ਸਮਝਦੇ ਕਿ ਪ੍ਰਭੂ ਇਸ ਨੂੰ ਕਿਵੇਂ ਮੁਹੱਈਆ ਕਰਦਾ ਹੈ, ਤਾਂ ਸਾਨੂੰ ਜ਼ਰੂਰ ਇਸ ਗੱਲ ਨੂੰ ਸਮਝ ਜਾਣਾ ਚਾਹੀਦਾ ਹੈ ਕਿ ਅਸੀਂ ਸਧਾਰਣ ਤੌਰ ਤੇ ਉਸ ਮਾਰਗ ਦੇ ਪ੍ਰਤੀ ਅੰਨ੍ਹੇ ਹਾਂ ਜੋ ਸਾਨੂੰ ਸਾਡੀਆਂ ਸਭ ਤੋਂ ਵੱਡੀਆਂ, ਸਭ ਤੋਂ ਗਹਿਰੀਆਂ

ਵਿਅਕਤੀਗਤ ਇੱਛਾਵਾਂ ਵੱਲ ਸਾਡੀ ਅਗਵਾਈ ਕਰਦਾ ਹੈ।

ਕਾਸ਼ ਕਿ ਸ਼ਾਂਤੀ ਦਾਤਾ ਪ੍ਰਭੂ ਆਪਣੀ ਕਿਰਪਾ ਅਤੇ ਹਜ਼ੂਰੀ ਦੇ ਦੁਆਰਾ ਸਾਨੂੰ ਆਪਣੀ ਸ਼ਾਂਤੀ ਦੇਵੇ। EC

## ਪਰਮੇਸ਼ੁਰ ਦੇ ਲਈ ਕੰਮ ਕਰਨ ਵਾਲੇ (3:6-18)

ਜ਼ਿਆਦਾਤਰ ਲੋਕਾਂ ਦੇ ਲਈ ਕੰਮ ਇੱਕ ਜ਼ਰੂਰਤ ਹੈ। ਆਪਣੀਆਂ ਰੋਜ਼ਾਨਾ ਦੀਆਂ ਲੋੜਾਂ ਨੂੰ ਪੂਰਾ ਕਰਨ ਦੇ ਲਈ ਸਾਡੇ ਲਈ ਕੰਮ ਕਰਨਾ ਜ਼ਰੂਰੀ ਹੈ। ਨਵਾਂ ਨੇਮ ਮਸੀਹੀਆਂ ਦਾ ਵਰਣਨ "ਕਾਮਿਆਂ," "ਮਜ਼ਦੂਰਾਂ," "ਨੌਕਰਾਂ," "ਗੁਲਾਮਾਂ," ਜਾਂ "ਭਲੇ ਕੰਮ" ਕਰਨ ਵਾਲਿਆਂ ਦੇ ਰੂਪ ਵਿੱਚ ਕਰਦਾ ਹੈ। ਨਵੇਂ ਨੇਮ ਦੀ ਸਿੱਖਿਆ ਇਸ ਗੱਲ ਉੱਤੇ ਜ਼ੋਰ ਦਿੰਦੀ ਹੈ ਕਿ ਅਸੀਂ ਮਸੀਹ ਵਿੱਚ ਪਰਮੇਸ਼ੁਰ ਦੇ ਕਰਮਚਾਰੀ ਹਾਂ। ਥੱਸਲੁਨੀਕੇ ਦੇ ਮਸੀਹੀਆਂ ਨੂੰ ਦਿੱਤੇ ਗਏ ਸੰਦੇਸ਼ ਦੇ ਦੁਆਰਾ ਸਾਨੂੰ ਆਪਣੇ ਕੰਮ ਦੇ ਵਿਸ਼ੇ ਵਿੱਚ ਕਿਹੜੀਆਂ ਅੰਤਰ-ਦ੍ਰਿਸ਼ਟੀਆਂ ਪ੍ਰਾਪਤ ਹੁੰਦੀਆਂ ਹਨ? ਉਹ ਕਿਹੜੀ ਗੱਲ ਹੈ ਜੋ ਪਰਮੇਸ਼ੁਰ ਚਾਹੁੰਦਾ ਹੈ ਕਿ ਅਸੀਂ ਜਾਣੀਏ ਜੋ ਉਸ ਦੇ ਕਾਮਿਆਂ ਦੇ ਰੂਪ ਵਿੱਚ ਕੰਮ ਕਰਨ ਵਿੱਚ ਸਾਡੀ ਮਦਦ ਕਰੇਗੀ?

*ਕੰਮ ਈਸ਼ੁਰੀ ਗਤੀਵਿਧੀ ਹੈ* (3:6—9)। ਥੱਸਲੁਨੀਕੇ ਦੇ ਮਸੀਹੀਆਂ ਨੂੰ ਹਿਦਾਇਤ ਦਿੱਤੀ ਗਈ ਸੀ ਕਿ ਉਹ ਜੀਵਨ ਦੇ ਨਵੇਂ ਢੰਗ ਦੇ ਇੱਕ ਹਿੱਸੇ ਦੇ ਰੂਪ ਵਿੱਚ ਕੰਮ ਦੇ ਪ੍ਰਤਿ ਪਰਮੇਸ਼ੁਰ ਦੇ ਰਵੱਈਏ ਨੂੰ ਅਪਣਾਉਣ। ਪਰਮੇਸ਼ੁਰ ਦੇ ਇਨ੍ਹਾਂ ਨਵੇਂ ਸੇਵਕਾਂ ਦੇ ਲਈ ਰੋਜ਼ਾਨਾ ਦਾ ਕੰਮ ਇੱਕ ਵਿਸ਼ੇਸ਼ ਅਧਿਕਾਰ ਅਤੇ ਫਰਜ਼ ਬਣ ਗਿਆ ਸੀ ਜਦੋਂ ਉਹ ਆਪਣੇ ਨਵੇਂ ਸਵਰਗੀ ਮਾਲਕ ਦੀ ਸੇਵਾ ਕਰਦੇ ਸਨ।

ਪਹਿਲਾ, ਸਿੱਖਿਆ ਦੇ ਦੁਆਰਾ ਕੰਮ ਕਰਨ ਦੇ ਮਹੱਤਵ ਨੂੰ ਸਿੱਖਦੇ ਹਨ। ਪੌਲਸ ਨੇ ਉਨ੍ਹਾਂ ਨੂੰ ਕਿਹਾ, ". . . ਜਿਵੇਂ ਅਸਾਂ ਤੁਹਾਨੂੰ ਹੁਕਮ ਦਿੱਤਾ ਸੀ ਤੁਸੀਂ ਚੁੱਪ ਚਾਪ ਰਹਿਣ ਅਤੇ ਆਪੋ ਆਪਣੇ ਕੰਮ ਧੰਦੇ ਕਰਨ ਅਤੇ ਆਪਣੇ ਹੱਥੀਂ ਮਿਹਨਤ ਕਰਨ ਦੀ ਧਾਰਨਾ ਧਾਰੋ" (1 ਥੱਸਲੁਨੀਕੀਆਂ 4:11)। ਉਹ ਇੱਕ ਮੰਦਿਰ ਜਾਂ ਸਿਰਫ ਵਿਸ਼ੇਸ਼ ਪਵਿੱਤਰ ਦਿਨਾਂ ਵਿੱਚ ਹੀ ਨਹੀਂ, ਸਗੋਂ ਹਰ ਰੋਜ਼, ਜਿੱਥੇ ਕਿਤੇ ਵੀ ਉਹ ਕੰਮ ਸ਼ੁਰੂ ਕਰਨ ਉੱਥੇ ਹੀ ਪਰਮੇਸ਼ੁਰ ਦੀ ਸੇਵਾ ਕਰ ਸਕਦੇ ਹਨ।

ਪਰਮੇਸ਼ੁਰ ਦੇ ਲਈ ਕੰਮ ਕਰਨ ਦੀ ਆਗਿਆ ਦਿੱਤੀ ਗਈ ਹੈ, ਪਰ ਕਾਇਨਾਤ ਦੇ ਪ੍ਰਭੂ ਦੇ ਦੁਆਰਾ ਕੰਮ ਦੇ ਲਗਾਏ ਜਾਣ ਨੂੰ ਵੀ ਪਰਮੇਸ਼ੁਰ ਦੇ ਪਰਿਵਾਰ ਦੇ ਵਿੱਚ ਹੁੰਦਿਆਂ ਹੋਇਆਂ ਇੱਕ ਮਹਾਨ ਬਰਕਤ ਦੇ ਰੂਪ ਵਿੱਚ ਵੇਖਿਆ ਜਾਣਾ ਚਾਹੀਦਾ ਹੈ। ਸਾਡਾ ਇੱਕ ਕੰਮ ਦੇਣ ਵਾਲਾ ਹੈ ਜੋ ਸਾਨੂੰ ਪੂਰੀ ਤਰ੍ਹਾਂ ਦੇ ਨਾਲ ਜਾਣਦਾ ਅਤੇ ਪ੍ਰੇਮ ਕਰਦਾ ਹੈ। ਕੰਮ ਇੱਕ ਜ਼ਰੂਰਤ ਹੈ, ਪਰ ਇਹ ਪਰਮੇਸ਼ੁਰ ਦੁਆਰਾ ਦਿੱਤੀ ਹੋਈ ਇੱਕ ਬਰਕਤ ਵੀ ਹੈ!

ਦੂਸਰਾ, ਨਮੂਨੇ ਦੇ ਦੁਆਰਾ ਵੀ ਥੱਸਲੁਨੀਕੇ ਦੇ ਮਸੀਹੀਆਂ ਨੇ ਕੰਮ ਦੇ ਮਹੱਤਵ ਨੂੰ ਸਿੱਖਿਆ ਸੀ (3:7—9)। ਇਹ ਸਿੱਖਿਅਕ ਅਸਲ ਵਿੱਚ ਦੋ ਨੌਕਰੀਆਂ ਕਰ ਰਹੇ ਸਨ। ਇੱਕ ਉਹ ਨੌਕਰੀ ਸੀ ਜੋ ਉਹ ਆਪਣੇ ਹੱਥਾਂ ਦੇ ਨਾਲ ਕਰ ਰਹੇ ਸਨ ਤਾਂ ਕਿ ਆਪਣੀਆਂ ਲੋੜਾਂ ਨੂੰ ਪੂਰੀਆਂ ਕਰਨ ਦੇ ਲਈ ਪੈਸਾ ਕਮਾ ਸਕਣ। ਦੂਜੀ, ਬਿਨਾਂ ਤਨਖਾਹ ਤੋਂ, ਇਨ੍ਹਾਂ ਨਵੇਂ ਮਸੀਹੀਆਂ ਦੀ ਆਤਮਿਕ ਉੱਨਤੀ ਦੇ ਲਈ "ਉਪਦੇਸ਼ ਦੇਣ, ਉਤਸ਼ਾਹਿਤ ਕਰਨ ਅਤੇ ਤਗੀਦ ਕਰਨ ਦੀ ਨੌਕਰੀ" (1 ਥੱਸਲੁਨੀਕੀਆਂ 2:11)। ਉਨ੍ਹਾਂ ਦੇ ਕੋਲ ਇਨ੍ਹਾਂ ਦੋਵਾਂ ਵਿੱਚੋਂ ਇੱਕ ਨੌਕਰੀ ਨੂੰ ਕਰਨ ਦਾ ਪਰਮੇਸ਼ੁਰ ਦੇ ਦੁਆਰਾ ਦਿੱਤਾ ਹੋਇਆ ਇੱਕ ਅਧਿਕਾਰ ਸੀ; ਪਰ ਉਨ੍ਹਾਂ ਨੇ ਦੋਵੇਂ ਨੌਕਰੀਆਂ

ਕੀਤੀਆਂ, ਤਾਂਕਿ ਉਨ੍ਹਾਂ ਦੇ ਕੰਮ ਨਵੇਂ ਮਸੀਹੀਆਂ ਨੂੰ ਸਿਖਾ ਸਕਣ ਕਿ ਕਿ ਉਹ ਆਪਣੇ ਰੋਜ਼ਾਨਾ ਦੇ ਜੀਵਨ ਵਿੱਚ ਪਰਮੇਸ਼ੁਰ ਦੇ ਕਰਮਚਾਰੀ ਬਣਨ। ਪਰਮੇਸ਼ੁਰ ਦੇ ਕਰਮਚਾਰੀ ਬਣੋ!

*ਕੁਝ ਲੋਕ ਕੰਮ ਨਹੀਂ ਕਰਣਗੇ* (3:10–12)। ਕੰਮ ਦੇ ਪ੍ਰਤੀ ਹਰ ਕਿਸੇ ਦਾ ਚੰਗਾ ਰਵੱਈਆ ਨਹੀਂ ਹੁੰਦਾ ਹੈ। ਕੁਝ ਲੋਕ ਇਸ ਨੂੰ "ਜ਼ਰੂਰੀ ਬੁਰਾਈ" ਦੇ ਰੂਪ ਵਿੱਚ ਮੰਨਦੇ ਹਨ; ਹੋਰ ਇਸ ਤੋਂ ਬਚਣ ਦੀ ਕੋਸ਼ਿਸ਼ ਕਰਦੇ ਹਨ। ਕੁਝ ਲੋਕ ਆਵਾਰਾਗਰਦੀ ਜਾਂ ਦੂਜਿਆਂ ਦੇ ਕੰਮ ਤੇ ਜੀਵਨ ਗੁਜ਼ਾਰਨ ਤੇ ਸ਼ੇਖੀ ਮਾਰਦੇ ਹਨ। ਆਲਸ ਅਤੇ ਆਵਾਰਾਗਰਦੀ ਸਿਰਫ ਅੱਜ ਦੀ ਹੀ ਸਮੱਸਿਆ ਨਹੀਂ ਹੈ, ਪਰ ਪਹਿਲੀ ਸਦੀ ਦੀ ਥੱਸਲੁਨੀਕੇ ਦੀ ਕਲੀਸਿਯਾ ਦੇ ਵਿਚਕਾਰ ਵੀ ਇਹ ਇੱਕ ਸਮੱਸਿਆ ਸੀ। 2 ਥੱਸਲੁਨੀਕੀਆਂ ਵਿੱਚ ਵਰਣਨ ਕੀਤੇ ਗਏ ਅਵਾਰਾਗਰਦਾਂ ਨੂੰ "ਰਵਾਇਤ ਦੇ ਅਨੁਸਾਰ ਨਾ ਚੱਲਣ ਵਾਲੇ" ਜਾਂ "ਕਸੂਤੇ ਚੱਲਣ ਵਾਲੇ" ਕਿਹਾ ਗਿਆ ਹੈ (3:6, 7, 11)। ਇਹ ਲੋਕ ਆਲਸੀ ਸਨ ਅਤੇ ਇਹ ਬੁਰੇ ਨਮੂਨੇ ਪੇਸ਼ ਕਰ ਰਹੇ ਸਨ। ਪਰਮੇਸ਼ੁਰ ਦੇ ਹੁਕਮਾਂ ਦੀ ਰੌਸ਼ਨੀ ਵਿੱਚ ਅਜਿਹਾ ਆਲਸਪੁਣਾ ਪਾਪ ਹੈ।

ਪਰ, ਇਸ ਤੋਂ ਇਲਾਵਾ ਇੱਕ ਹੋਰ ਸਮੱਸਿਆ ਵੀ ਪੈਦਾ ਹੋ ਗਈ। ਇਹ ਆਲਸੀ ਲੋਕ ਨਾ ਸਿਰਫ ਕਲੀਸਿਯਾ ਦੇ ਨਮੂਨੇ ਤੇ ਹੀ ਉਲਟ ਪ੍ਰਭਾਵ ਪਾ ਰਹੇ ਸਨ, ਪਰ ਉਹ ਦੂਜਿਆਂ ਦੇ ਕੰਮ ਵਿੱਚ ਵੀ ਲੱਤ ਅੜਾਉਂਦੇ ਸਨ। ਨਵੇਂ ਮਸੀਹੀਆਂ ਨੂੰ ਸਿਖਾਇਆ ਗਿਆ ਸੀ ਕਿ ਉਹ ਚੁੱਪ ਚਾਪ ਰਹਿਣ ਅਤੇ ਆਪੋ ਆਪਣੇ ਕੰਮ ਧੰਦੇ ਕਰਨ (1 ਥੱਸਲੁਨੀਕੀਆਂ 4:11), ਪਰ ਇਹ ਆਲਸੀ ਲੋਕ ਦੂਜਿਆਂ ਦੇ ਕੰਮ ਵਿੱਚ ਲੱਤ ਅੜਾਉਣ ਵਾਲੇ ਬਣਦੇ ਜਾ ਰਹੇ ਸਨ। ਅਸਲ ਵਿੱਚ, ਉਹ "ਕੰਮ ਨਹੀਂ ਕਰ ਰਹੇ ਸਨ, ਪਰ ਇੱਧਰ-ਉੱਧਰ ਦੇ ਕੰਮ ਕਰ ਰਹੇ ਸਨ।" ਉਨ੍ਹਾਂ ਨੇ ਦੂਜਿਆਂ ਦੇ ਕੰਮ ਨੂੰ ਆਪਣਾ ਕੰਮ ਬਣਾ ਲਿਆ ਸੀ; ਉਹ ਉਸ ਚੰਗੇ ਕੰਮ ਵਿੱਚ ਦਖਲਅੰਦਾਜ਼ੀ ਕਰ ਰਹੇ ਸਨ ਜੋ ਦੂਜੇ ਲੋਕ ਕਰ ਰਹੇ ਸਨ।

ਉਸੇ ਤਰੀਕੇ ਦੇ ਨਾਲ, ਉਹ ਲੋਕ ਜੋ ਕੰਮ ਨਹੀਂ ਕਰਦੇ ਉਹ ਦੂਜਿਆਂ ਦੇ ਕੰਮ ਵਿੱਚ ਦਖਲਅੰਦਾਜ਼ੀ ਕਰਨ ਵਾਲੇ ਬਣ ਜਾਂਦੇ ਹਨ। ਇਹ ਵੀ ਆਲਸ ਦੇ ਸਮਾਨ ਹੀ ਪਾਪ ਹੈ।

ਸਾਡਾ ਕੰਮ ਪਰਮੇਸ਼ੁਰ ਦਾ ਕੰਮ ਹੋਣਾ ਚਾਹੀਦਾ ਹੈ! ਜਿਵੇਂ ਪੌਲੁਸ ਨੇ ਉਨ੍ਹਾਂ ਗੁਲਾਮਾਂ ਨੂੰ ਹਿਦਾਇਤ ਦਿੱਤੀ ਸੀ ਜੋ ਮਸੀਹੀ ਬਣ ਗਏ ਸਨ, "ਜੋ ਕੁਝ ਤੁਸੀਂ ਕਰੋ ਸੋ ਚਿੱਤ ਲਾ ਕੇ ਪ੍ਰਭੂ ਦੇ ਲਈ ਕਰੋ, ਨਾ ਕਿ ਮਨੁੱਖਾਂ ਦੇ ਲਈ" (ਕੁਲੁੱਸੀਆਂ 3:23)।

*ਜੋ ਲੋਕ ਕੰਮ ਨਹੀਂ ਕਰਣਗੇ ਉਨ੍ਹਾਂ ਨੂੰ ਕੱਢ ਦਿੱਤਾ ਜਾਣਾ ਚਾਹੀਦਾ ਹੈ* (3:13–15)। ਇੱਕ ਚਰਚ ਵਿੱਚ ਕੀ ਕੀਤਾ ਜਾ ਸਕਦਾ ਹੈ ਜੇਕਰ ਮੈਂਬਰ ਕੰਮ ਕਰਨ ਤੋਂ ਇਨਕਾਰ ਕਰ ਦੇਣ? ਬਾਈਬਲ ਤੇ ਅਧਾਰਤ ਉੱਤਰ ਸਪੱਸ਼ਟ ਹੈ: "ਭਈ ਜੇ ਕੋਈ ਕੰਮ ਧੰਦਾ ਕਰਨੋਂ ਨੱਕ ਵੱਟਦਾ ਹੈ ਤਾਂ ਰੋਟੀ ਵੀ ਨਾ ਖਾਵੇ" (3:10)। ਅਸੀਂ ਆਲਸੀ ਲੋਕਾਂ ਨੂੰ ਖੁਵਾਉਣਾ ਨਹੀਂ ਹੈ; ਅਜਿਹੇ ਭਾਈਆਂ ਤੋਂ "ਨਿਆਰੇ ਰਹੋ" ਅਤੇ "ਸੰਗਤ ਨਾ ਕਰੋ" (3:6, 14)! ਸਾਨੂੰ ਉਨ੍ਹਾਂ ਦੇ ਨਾਲ ਦੋਸਤੀ ਨਹੀਂ ਕਰਨੀ ਚਾਹੀਦੀ ਹੈ! ਸਾਨੂੰ ਉਨ੍ਹਾਂ ਨੂੰ ਆਪਣੀਆਂ ਸੰਗਤੀ ਵਿੱਚ ਸ਼ਾਮਲ ਨਹੀਂ ਕਰਨਾ ਚਾਹੀਦਾ ਹੈ! ਇਸ ਵਿਸ਼ੇ ਤੇ ਇਹ ਪਰਮੇਸ਼ੁਰ ਦਾ ਸੰਦੇਸ਼ ਹੈ।

ਆਲਸੀ ਲੋਕਾਂ ਦੇ ਨਾਲ ਇਸ ਕਿਸਮ ਦਾ ਵਿਵਹਾਰ ਕਠੋਰ ਲੱਗ ਸਕਦਾ ਹੈ, ਪਰ ਇਸ ਵਿਵਹਾਰ ਦਾ ਮਕਸਦ ਉਨ੍ਹਾਂ ਨੂੰ ਭੁੱਖਾ ਰੱਖਣਾ ਨਹੀਂ ਹੈ। ਇਹ ਉਨ੍ਹਾਂ ਨੂੰ ਇਸ ਗੱਲ ਤੋਂ ਜਾਣੂ ਕਰਵਾਉਣ ਲਈ ਹੈ ਕਿ ਉਹ ਪਰਮੇਸ਼ੁਰ ਜਾਂ ਉਸ ਦੇ ਲੋਕਾਂ ਦੇ ਵਾਂਗ ਵਿਵਹਾਰ ਨਹੀਂ ਕਰ ਰਹੇ ਹਨ, ਪਰ ਉਸ ਦੇ ਜੀਵਨ ਢੰਗ ਤੋਂ ਆਪਣੇ ਆਪ ਨੂੰ ਵੱਖਰਾ ਕਰ ਲਿਆ ਹੈ। ਇਹ ਉਨ੍ਹਾਂ ਦੇ ਅਜਿਹੇ ਵਿਵਹਾਰ ਦੇ ਕਾਰਨ ਇਹ ਗ੍ਰਹਿਣਯੋਗ ਨਹੀਂ ਹੈ ਕਿ ਉਨ੍ਹਾਂ ਦੇ ਨਾਲ ਵਿਸ਼ਵਾਸਯੋਗ

ਭਰਾਵਾਂ ਜਾਂ ਭੈਣਾਂ ਵਰਗਾ ਵਿਵਹਾਰ ਕੀਤਾ ਜਾਵੇ। ਉਨ੍ਹਾਂ ਨੂੰ ਇਸ ਗੱਲ ਦਾ ਪਤਾ ਹੋਣਾ ਚਾਹੀਦਾ ਹੈ ਕਿ ਉਨ੍ਹਾਂ ਦਾ ਆਲਸਪੁਣਾ ਕਿੰਨਾ ਸ਼ਰਮਨਾਕ ਹੈ। ਸਿੱਖਿਆ, ਚੇਤਾਵਨੀ, ਅਤੇ ਚੰਗੀਆਂ ਉਦਾਹਰਣਾਂ ਨੂੰ ਸਥਾਪਤ ਕਰਨ ਦੇ ਦੁਆਰਾ, ਸਾਥੀ ਮਸੀਹੀ ਕਸੂਤੇ ਚੱਲਣ ਵਾਲੇ ਭਾਈਆਂ ਦੀ ਮਦਦ ਕਰ ਸਕਦੇ ਹਨ ਕਿ ਉਹ ਆਪਣੇ ਕੰਮ ਨਾਲ ਮਤਲਬ ਰੱਖਣ ਅਤੇ ਕੰਮ ਕਰਨ।

ਪਰਮੇਸ਼ੁਰ ਦੇ ਪਰਿਵਾਰ ਵਿੱਚ ਹੋਣ ਦੇ ਨਾਤੇ ਉਸ ਦੇ ਅਨੁਸ਼ਾਸਨ ਵਿੱਚ ਹਿੱਸਾ ਲੈਣਾ ਵੀ ਜ਼ਰੂਰੀ ਹੈ। ਜੇਕਰ ਆਲਸੀ ਭਾਈ ਅਤੇ ਭੈਣਾਂ ਅਨੁਸ਼ਾਸਨ ਨੂੰ ਸਵੀਕਾਰ ਨਹੀਂ ਕਰਦੇ, ਤਾਂ ਉਹ ਪਰਮੇਸ਼ੁਰ ਦੀਆਂ ਮੇਹਰਬਾਨੀਆਂ ਨੂੰ ਵੀ ਗੁਆ ਬੈਠਦੇ ਹਨ। ਇਹ ਵਿਵਹਾਰਿਕ ਫੈਸਲਾ ਸਾਡੇ ਕੰਮਾਂ ਦੇ ਦੁਆਰਾ ਪਰਗਟ ਹੋਣਾ ਚਾਹੀਦਾ ਹੈ; ਤਾਂ ਕਸੂਤੇ ਲੋਕ ਕੰਮ ਦੇ ਮਹੱਤਵ ਨੂੰ ਅਤੇ ਪਰਮੇਸ਼ੁਰ ਦੇ ਅਨੁਸ਼ਾਸਨ ਨੂੰ ਰੱਦਣ ਦੇ ਖਤਰੇ ਨੂੰ ਸਮਝ ਸਕਣਗੇ। ਭਾਵੇਂ ਉਹ ਤੋਬਾ ਕਰਨ ਦਾ ਫੈਸਲਾ ਲੈਣ ਭਾਵੇਂ ਨਾ ਲੈਣ, ਦੂਜਿਆਂ ਦੇ ਕੰਮ ਵਿੱਚ ਦਖਲਅੰਦਾਜ਼ੀ ਕਰਨਾ ਛੱਡਣ ਜਾਂ ਨਾ ਛੱਡਣ, ਅਤੇ ਕੰਮ ਕਰਨਾ ਸ਼ੁਰੂ ਕਰਨ ਜਾਂ ਨਾ ਕਰਨ ਇਹ ਉਨ੍ਹਾਂ ਦੇ ਉੱਪਰ ਹੈ; ਪਰ ਉਨ੍ਹਾਂ ਨੂੰ ਆਪਣੇ ਵਿਵਹਾਰ ਦੇ ਖਤਰੇ ਬਾਰੇ ਕੋਈ ਸ਼ੱਕ ਨਹੀਂ ਰਹੇਗਾ।

ਜਿਹੜੇ ਲੋਕ ਕੰਮ ਨਹੀਂ ਕਰਣਗੇ ਉਨ੍ਹਾਂ ਨੂੰ ਆਪਣੇ ਰਵੱਈਏ ਅਤੇ ਜੀਵਨਾਂ ਨੂੰ ਬਦਲਣ ਦੇ ਲਈ ਸਾਡੀ ਮਦਦ ਦੀ ਲੋੜ ਹੈ। ਕੰਮ ਦੇ ਵਿਸ਼ੇ ਵਿੱਚ ਪਰਮੇਸ਼ੁਰ ਦੀ ਇੱਛਾ ਦੇ ਵਿਸ਼ੇ ਵਿੱਚ ਸਿੱਖਿਆ ਦੇ ਕੇ, ਅਤੇ ਆਪਣੇ ਕੰਮ ਦੇ ਦੁਆਰਾ ਚੰਗੀਆਂ ਮਿਸਾਲਾਂ ਨੂੰ ਸਥਾਪਤ ਕਰ ਕੇ, ਅਤੇ ਉਨ੍ਹਾਂ ਦੇ ਬੁਰੇ ਵਿਵਹਾਰ ਦੇ ਨਤੀਜਿਆਂ ਦੇ ਵਿਸ਼ੇ ਵਿੱਚ ਚੇਤਾਵਨੀ ਦੇ ਕੇ ਅਸੀਂ ਉਨ੍ਹਾਂ ਦੀ ਮਦਦ ਕਰ ਸਕਦੇ ਹਾਂ।

*ਪ੍ਰਾਸੰਗਿਕਤਾ।* ਮਸੀਹੀਆਂ ਦੇ ਲਈ, ਸਾਰਾ ਕੰਮ ਪਰਮੇਸ਼ੁਰ ਦਾ ਕੰਮ ਹੈ। ਘਰ ਵਿੱਚ ਵੀ ਅਤੇ ਕੰਮ ਦੇ ਸਥਾਨ ਤੇ ਵੀ, ਜੋ ਕੁਝ ਵੀ ਅਸੀਂ ਕਰਦੇ ਹਾਂ ਪਰਮੇਸ਼ੁਰ ਉਸ ਸਭ ਦਾ ਸੁਆਮੀ, ਮਾਲਕ, ਅਤੇ ਬੋਸ ਹੈ। ਕਿਉਂਕਿ ਇਹ ਪਰਮੇਸ਼ੁਰ ਦਾ ਕੰਮ ਹੈ, ਪਰਮੇਸ਼ੁਰ ਦੇ ਲਈ ਕੀਤਾ ਗਿਆ ਹੈ, ਇਹ ਖਾਸ, ਪਵਿੱਤਰ, ਅਤੇ ਧਾਰਮਿਕ ਹੈ। ਇਹ ਮਹੱਤਵਪੂਰਣ ਹੈ। ਭਲਾ ਕੰਮ ਕਰਨਾ ਸੱਚੇ ਮਸੀਹੀ ਦੀ ਨਿਸ਼ਾਨੀ ਹੈ।

ਜਦੋਂ ਅਸੀਂ ਕੰਮ ਦੇ ਸਥਾਨ ਤੇ ਚੰਗਾ ਤਰ੍ਹਾਂ ਕੰਮ ਕਰਦੇ ਹਾਂ, ਤਾਂ ਅਸੀਂ ਸਿਰਫ ਪਰਮੇਸ਼ੁਰ ਦੀ ਆਗਿਆਕਾਰੀ ਹੀ ਨਹੀਂ ਕਰਦੇ ਹਾਂ, ਪਰ ਇੱਕ ਚੰਗੀ ਉਦਾਹਰਣ ਵੀ ਖੜੀ ਕਰਦੇ ਹਾਂ, ਲੋੜਾਂ ਨੂੰ ਪੂਰੀਆਂ ਕਰਨ ਦੇ ਲਈ ਮਦਦ ਕਰਦੇ ਹਾਂ, ਅਤੇ ਪਰਮੇਸ਼ੁਰ ਦੇ ਲਈ ਫਲ ਲਿਆਉਣ ਵਾਲੇ ਬਣਦੇ ਹਾਂ। ਸਾਡੇ ਭਲੇ ਕੰਮ ਦੇ ਦੁਆਰਾ ਸਾਡੇ ਮਾਲਕ ਨੂੰ ਆਦਰ ਮਿਲਦਾ ਹੈ। ਆਓ ਹਰ ਦਿਨ ਉਸ ਦੇ ਮਾਰਗ ਤੇ ਚੱਲ ਕੇ ਆਪਣੇ ਮਾਲਕ ਦਾ ਆਦਰ ਅਤੇ ਸੇਵਾ ਕਰੀਏ! TP

---

ਟਿੱਪਣੀਆਂ

[1]ਸੀ. ਐਫ਼. ਹੋਗ ਅਤੇ ਡਬਲਿਯੂ. ਈ. ਵਾਇਨ, *ਦ ਅਪਿਸਲਸ ਆਫ਼ ਪੌਲ ਦ ਅਪੋਸਲ ਟੂ ਦ ਥੈਸਾਲੋਨਿਅਨਸ* (ਸ਼੍ਰੇਵਪੋਰਟ, ਲੁਈਸਿਆਨਾ: ਲੈਂਬਰਟ ਪਬਲਿਸ਼ਿੰਗ ਕੰਪਨੀ, 1977), 282. [2]ਹੈਨਰੀ ਐਲਫਰਡ, *ਦ ਗ੍ਰੀਕ ਟੈਸਟਾਮੈਂਟ*, ਸੋਧਿਆ ਸੰਸਕਰਣ ਇਵਰਟ ਐੱਫ. ਹੈਰੀਸਨ (ਸ਼ਿਕਾਗੋ: ਮੂਡੀ ਪ੍ਰੈੱਸ, 1958), 3:295. [3]ਆਈ. ਹਾਵਰਡ ਮਾਰਸ਼ਲ, *1 ਅਤੇ 2 ਥੈਸਾਲੋਨਿਅਨਸ*, ਨਿਊ ਸੈਨਚੁਰੀ ਬਾਈਬਲ ਕਮੈਂਟਰੀ (ਗ੍ਰੈਂਡਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਅਰਡਮੰਸ ਪਬਲਿਸ਼ਿੰਗ ਕੰਪਨੀ, 1983), 215. [4]ਏ. ਟੀ. ਰੋਬਰਟਸੰਨਜ਼, *ਦ ਅਪਿਸਲਸ ਆਫ਼. ਪੌਲ*, ਜਿਲਦ 4, *ਵਰਡ ਪਿਕਚਰਜ਼ ਇਨ ਦ ਨਿਊ ਟੈਸਟਾਮੈਂਟ* (ਨੈਸ਼ਵਿਲ: ਬ੍ਰੋਡਮੈਨ ਪ੍ਰੈੱਸ, 1931), 57. [5]ਜੌਨ

ਸਟੋਟ, *ਦ ਗੋਸਪਲ ਐਂਡ ਦੀ ਐਂਨ੍ਡ ਆਫ਼ ਟਾਇਮ* (ਡਾੱਨਰਸ ਗਰੂਵ, ਇਲੀਨੋਇਸ: ਇੰਟਰ-ਵਰਸਿਟੀ ਪ੍ਰੈੱਸ, 1991), 191. [6]ਵਾਲਟਰ ਬਾਯਰ, *ਏ ਗ੍ਰੀਕ-ਇੰਗਲਿਸ਼ ਲੈਕਸੀਕਨ ਆਫ਼ ਦ ਨਿਊ ਟੈਸਟਾਮੈਂਟ ਐਂਡ ਅਦਰ ਅਰਲੀ ਕ੍ਰਿਸ਼ਚੀਅਨ ਲਿਟਰੇਚਰ*, ਤੀਜਾ ਸੰਸਕਰਣ, ਸੋਧ ਅਤੇ ਸੰਪਾਦਨ ਅਤੇ ਸੋਧ ਫ੍ਰੇਡਰਿਕ ਡਬਲਿਯੂ ਡੈਂਕਰ (ਸ਼ਿਕਾਗੋ: ਯੂਨੀਵਰਸਿਟੀ ਆਫ਼ ਸ਼ਿਕਾਗੋ ਪ੍ਰੈਸ, 2000), 143. [7]ਰੋਬਰਟਸਨ, 58. [8]ਡੇਵਿਡ ਜੇ. ਵਿਲੀਅਮਜ਼, *1 ਐਂਡ 2 ਥੈਸਾਲੋਨਿਅਨਸ*, ਨਿਊ ਇੰਟਰਨੈਸ਼ਨਲ ਬਿਬਲੀਕਲ ਕਮੈਂਟਰੀ: ਨਿਊ ਟੈਸਟਾਮੈਂਟ ਸੀਰੀਜ਼, ਜਿਲਦ 12 (ਪੀਬੌਡੀ, ਮਾਸਚਿਊਸੇਟਸ: ਹੈਂਡਰਿਕਸਨ ਪਬਲਿਸ਼ਰਜ਼, 1992), 135–36. [9]ਰੋਬਰਟਸਨ, 58. [10]ਲੀਓਨ ਮੌਰਿਸ, *ਦ ਫਰਸੱਟ ਐਂਡ ਸੈੱਕੰਡ ਐਪਿਸਟਲ ਟੂ ਦ ਥੈਸਾਲੋਨਿਅਨਸ*, ਦ ਨਿਊ ਇੰਟਰਨੈਸ਼ਨਲ ਬਾਈਬਲ ਕਮੈਂਟਰੀ ਔਨ ਦ ਨਿਊ ਇੰਟਰਨੈਸ਼ਨਲ ਕਮੈਂਟਰੀ ਔਨ ਦ ਨਿਊ ਟੈਸਟਾਮੈਂਟ (ਗ੍ਰੈਂਡਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਅਰਡਮੰਸ ਪਬਲਿਸ਼ਿੰਗ ਕੰਪਨੀ, 1959), 253. "ਰੋਟੀ" ਅਤੇ "ਭੋਜਨ" ਦੇ ਲਈ ਇਕੋ ਇਬਰਾਨੀ ਸ਼ਬਦ: לֶחֶם (*ਲੇਕੇਮ*) ਹੈ। ਵੇਖੋ ਫਰਾਂਸਿਸ ਬ੍ਰਾਊਨ, ਐੱਸ. ਆਰ. ਡਰਾਈਵਰ, ਅਤੇ ਚਾਰਲਸ ਏ. ਬ੍ਰਿਗਸ, *ਏ ਹੀਬ੍ਰਯੂ ਐਂਡ ਇੰਗਲਿਸ਼ ਲੈਕਸੀਕਨ ਆਫ਼ ਦ ਓਲਡ ਟੈਸਟਾਮੈਂਟ* (ਔਕਸਫ਼ੋਰਡ: ਕਲੈਰੇਡਨ ਪ੍ਰੈੱਸ, 1972), 536–37.

[11]ਹੌਗ ਐਂਡ ਵਾਇਨ, 287. [12]ਉਸੇ ਸਥਾਨ ਤੇ, 288. [13]ਜੇ. ਡਬਲਿਯੂ. ਮੈਕਗਾਰਵੇ ਅਤੇ ਫਿਲਿੱਪ ਵਾਏ, ਪੇਂਡਲੀਟਨ, *ਥੈਸਾਲੋਨਿਅਨਸ, ਕੁਰਿੰਥੀਅਨਜ਼, ਗਲੇਸ਼ੀਅਨਜ਼ ਐਂਡ ਰੋਮਨਜ਼*, ਦੀ ਸਟੈਂਡਰਡ ਬਾਈਬਲ ਕਮੈਂਟਰੀ (ਸਿਨਸਿਨਾਟੀ, ਓਹਾਇਓ: ਸਟੈਂਡਰਡ ਪਬਲਿਸ਼ਿੰਗ ਫਾਊਂਡੇਸ਼ਨ, 1916), 46. [14]ਮਾਰਸ਼ਲ, 225. [15]ਹੌਗ ਐਂਡ ਵਾਇਨ, 290. [16]ਰੋਬਰਟਸਨ, 60. [17]ਵੇਖੋ ਮੌਰਿਸ, 258. [18]ਮਾਰਸ਼ਲ, 228. [19]ਰੇਮੰਡ ਸੀ. ਕੈਲਸੀ, *ਦ ਲੈਟਰਸ ਆਫ਼ ਦ ਥੈਸਾਲੋਨਿਅਨਸ*, ਦ ਲਿਵਿੰਗ ਵਰਡ ਕਮੈਂਟਰੀ, ਜਿਲਦ 13 (ਆਸਟਿਨ, ਟੈਕਸਾਸ: ਆਰ. ਬੀ. ਸਵੀਟ ਕੰਪਨੀ, 1968), 180. [20]ਬਾਯਰ, 148.

[21]ਰੋਬਰਟਸਨ, 58.